27

# ਦਾਊਦ ਉੱਤੇ ਅੰਤਿਮ ਸ਼ਬਦ

## 2 ਸਮੂਏਲ 21-24; 1 ਰਾਜਿਆਂ 1; 2; 1 ਇਤਿਹਾਸ 20-29

ਇਕ ਮਸ਼ਹੂਰ ਲੇਖਕ ਨੇ ਦਾਊਦ ਬਾਰੇ ਆਖਿਆ ਹੈ, ''ਅਸੀਂ ਕਹਿ ਸਕਦੇ ਹਾਂ ਕਿ ਮਨੁੱਖੀ ਇਤਿਹਾਸ ਉੱਤੇ ਐਨਾ ਜ਼ਿਆਦਾ ਰੂਹਾਨੀ ਪ੍ਰਭਾਵ ਪਾਉਣ ਵਾਲੇ ਅੱਧੀ ਦਰਜਣ ਤੋਂ ਵੱਧ ਲੋਕ ਨਹੀਂ ਹੋਣਗੇ।''[1] ਦਾਊਦ ਵਰਗੇ ਆਦਮੀ ਦੀ ਜ਼ਿੰਦਗੀ ਨੂੰ ਇਕੱਠਾ ਕਿਵੇਂ ਕੀਤਾ ਜਾ ਸਕਦਾ ਹੈ?

2 ਸਮੂਏਲ ਦੇ ਲੇਖਕ ਨੇ ਵਿਸ਼ਾਲਦਰਸ਼ੀ ਢੰਗ ਅਪਣਾਇਆ ਹੈ। ਅਬਸ਼ਾਲੋਮ ਦੀ ਬਗਾਵਤ ਦੇ ਦੱਬੇ ਜਾਣ ਦੇ ਬਾਅਦ 2 ਸਮੂਏਲ ਦੇ ਆਖ਼ਰੀ ਚਾਰ ਅਧਿਆਇ ਇਹ ਸੰਕੇਤ ਦਿੱਤੇ ਬਿਨਾਂ ਕਿ ਉਹ ਕਦ ਹੋਏ ਦਾਊਦ ਦੇ ਚੰਗੇ ਅਤੇ ਮਾੜੇ ਦਿਨਾਂ ਦੇ ਦ੍ਰਿਸ਼ਾਂ ਦੀ ਮਹਿਕ ਹਨ। 1 ਰਾਜਿਆਂ ਵਿਚ ਇਕ ਦਹਾਕੇ ਬਾਅਦ ਕਹਾਣੀ ਨੂੰ ਮੁੜ ਸੁਰਜੀਤ ਕੀਤਾ ਜਾਂਦਾ ਹੈ ਜਦ ਮੌਤ ਦੇ ਬਿਸਤਰ ਤੇ ਲੇਟਿਆ ਦਾਊਦ, ਸੁਲੇਮਾਨ ਨੂੰ ਗੱਦੀ ਸੌਂਪਣ ਦੀ ਤਿਆਰੀ ਵਿਚ ਸੀ।

ਦੂਜੇ ਪਾਸੇ 1 ਇਤਿਹਾਸ ਦੇ ਲੇਖਕ ਨੇ ਜ਼ੋਰ ਦੇਣ ਦਾ ਢੰਗ ਅਪਣਾਇਆ ਹੈ। ਉਹ ਸਾਨੂੰ ਦੱਸਦਾ ਹੈ ਕਿ ਦਾਊਦ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਦਸ ਸਾਲ ਸੁਲੇਮਾਨ ਲਈ ਸਭ ਕੁਝ ਤਿਆਰ ਕਰਨ, ਰਾਜ ਨੂੰ ਸੰਗਠਿਤ ਕਰਨ ਅਤੇ (ਸਭ ਤੋਂ ਵੱਧ) ਹੈਕਲ ਦੀ ਤਿਆਰੀ ਲਈ ਦਿੱਤੇ।

ਇਨ੍ਹਾਂ ਦੋ ਢੰਗਾਂ ਤੇ ਵਿਚਾਰ ਕਰਦਿਆਂ, ਮੈਨੂੰ ਦੋ ਟੀਵੀ ਪ੍ਰੋਗਰਾਮਾਂ ਰਾਹੀਂ ਕਿਸੇ ਮਸ਼ਹੂਰ ਆਦਮੀ ਦੀ ਮੌਤ ਦਾ ਪ੍ਰਸਾਰਣ ਧਿਆਨ ਵਿਚ ਆਇਆ। ਇਸ ਵਿੱਚੋਂ ਇਕ ਉਸ ਆਦਮੀ ਦੇ ਜ਼ਿੰਦਗੀ ਦੀਆਂ ਮਹੱਤਵਪੂਰਣ ਅਤੇ ਛੋਟੀਆਂ ਛੋਟੀਆਂ ਗੱਲਾਂ, ਭਾਵ ਉਸ ਦੀ ਸ਼ਕਤੀ ਅਤੇ ਕਮਜ਼ੋਰੀ ਨੂੰ ਯਾਦ ਕਰਵਾਉਂਦੇ ਹੋਏ ਖ਼ਾਸ ਪ੍ਰੋਗਰਾਮ ਵਿਖਾਏਗਾ। ਦੂਜਾ ਉਸ ਆਦਮੀ ਦੇ ਜ਼ਿੰਦਗੀ ਅਤੇ ਉਸ ਦੀਆਂ ਉਪਲਬਧੀਆਂ ਤੇ ਧਿਆਨ ਦੁਆਉਂਦਾ ਹੈ। 2 ਸਮੂਏਲ ਅਤੇ 1 ਰਾਜਿਆਂ ਪਹਿਲੇ ਪ੍ਰੋਗਰਾਮ ਵਾਂਗ ਹੈ ਜਦਕਿ 1 ਇਤਿਹਾਸ ਦੂਜੇ ਪ੍ਰੋਗਰਾਮ ਵਾਂਗ।

ਆਪਣੇ ਦਿਮਾਗ਼ ਵਿਚ ਇਨ੍ਹਾਂ ਖਾਸ ਟੀਵੀ ਪ੍ਰੋਗਰਾਮਾਂ ਦੀ ਕਲਪਨਾ ਕਰਦਿਆਂ ਮੈਨੂੰ ਇਕ ਹੋਰ ਵਿਚਾਰ ਆਇਆ। ਇਨ੍ਹਾਂ ਵਿੱਚੋਂ ਕੋਈ ਵੀ ਟੀਵੀ ਉਸ ਆਦਮੀ ਦੀ ਜ਼ਿੰਦਗੀ ਬਾਰੇ ਦੱਸ ਕੇ ਹੀ ਬੱਸ ਨਹੀਂ ਕਰੇਗਾ। ਦੋਵੇਂ ਇਕ ਅਜਿਹਾ ਫੀਚਰ ਵਿਖਾਉਣਗੇ ਜੋ ਮੈਨੂੰ ਬਹੁਤ ਚਿੜਾਉਂਦਾ ਹੈ ਕਿਉਂਕਿ ਉਸ ਫ਼ੀਚਰ ਵਿਚ ਇਹ ਦੱਸਣ ਲਈ ਕਿ ਉਹ ਆਦਮੀ ਸਫ਼ਲ ਸੀ ਜਾਂ ਨਾਕਾਮ ਜਾਂ ਇਤਿਹਾਸ ਵਿਚ ਉਸ ਦੀ ਕੀ ਥਾਂ ਹੋਵੇਗੀ, ''ਮਾਹਿਰਾਂ'' ਵੱਲੋਂ ਸਮੀਖਿਆ ਕੀਤੀ ਜਾਵੇਗੀ। ਇਸ ਵਿਚਾਰ ਤੇ ਪਹਿਲਾਂ ਤਾਂ ਮੈਂ ਮੱਥੇ ਵੱਟ ਪਾਇਆ ਅਤੇ ਫਿਰ ਦੰਦ ਕਰੀਚੇ। ਇਸ ਅਧਿਐਨ ਵਿਚ ਮੈਂ ਉਨ੍ਹਾਂ ''ਮਾਹਿਰਾਂ'' ਦੀ ਭੂਮਿਕਾ ਨਿਭਾਈ। ਸਮੇਂ ਸਮੇਂ ਤੇ ਦਾਊਦ ਦੇ ਕੰਮਾਂ ਉੱਤੇ ਮੈਨੂੰ ਬਹੁਤ ਕਸ਼ਟ ਹੋਵੇਗਾ। ਮੈਨੂੰ ਲੱਗਾ ਜਿਵੇਂ ਮੈਂ ਪੁਕਾਰ ਰਿਹਾ ਹਾਂ, ''ਦਾਊਦ, ਤੂੰ ਇਹ ਕਿਉਂ ਕੀਤਾ? ਮੈਨੂੰ ਪਤਾ ਹੈ ਕਿ ਤੂੰ ਖ਼ੁਦਾ ਅਤੇ ਉਸ ਦੇ ਵਚਨ ਨਾਲ ਪਿਆਰ ਕਰਦਾ ਹੈਂ! ਫਿਰ ਵੀ ਤੂੰ ਅਜਿਹਾ ਕਿਉਂ ਕੀਤਾ?'' ਸ਼ਾਇਦ ਤੁਸੀਂ ਵੀ ਅਜਿਹਾ ਹੀ ਕੀਤਾ ਹੈ।

ਜਿੰਨਾ ਮੈਂ ਦਾਊਦ ਦੀ ਜ਼ਿੰਦਗੀ ਦੇ ਨਾਟਕੀ ਹੋਣ ਤੇ ਵਿਚਾਰ ਕੀਤਾ ਓਨਾਂ ਹੀ ਮੈਨੂੰ ਟੈਲੀਵਿਜ਼ਨ ਦੇ ਵਿਸ਼ੇਸ਼ ਪ੍ਰੋਗਰਾਮ ਦੇ ਢੰਗ ਦੀ ਵਰਤੋਂ ਕਰਕੇ ਉਸ ਦੀ ਜ਼ਿੰਦਗੀ ਨੂੰ ''ਮਾਹਿਰਾਂ'' ਦੇ ਨਤੀਜੇ ਨਾਲ ਸੰਖੇਪ ਵਿਚ ਦੱਸਣਾ ਲਾਹੇਵੰਦ ਲੱਗਾ। ਤੁਸੀਂ ਆਪਣੀ ਕਲਪਣਾ ਨੂੰ ਥੋੜ੍ਹਾ ਵਿਸਥਾਰ ਦੇ ਸਕਦੇ ਹੋ,

ਪਰ ਮੇਰੇ ਨਾਲ ਬਣੇ ਰਹੋ।

## ਦਾਊਦ ਬਾਰੇ ਮਨੁੱਖ ਦੀ ਆਖਰੀ ਗੱਲ

ਢੇਰ ਸਾਰੀਆਂ ਮਸ਼ਹੂਰੀਆਂ ਦੇ ਬਾਅਦ ਸਕ੍ਰੀਨ ਉੱਤੇ ਇਹ ਸ਼ਬਦ ਵਿਖਾਈ ਦਿੰਦੇ ਹਨ: ''ਦਾਊਦ ਉੱਤੇ ਆਖ਼ਰੀ ਸ਼ਬਦ: TFT ਦਾ ਖਾਸ ਪ੍ਰੋਗਰਾਮ।'' ਲਿਖਿਆ ਧੁੰਦਲਾ ਪੈਂਦਾ ਹੈ ਅਤੇ ਸਕ੍ਰੀਨ ਉੱਤੇ ਵਾਚਕ ਦੀ ਫ਼ੋਟੋ ਆਉਂਦੀ ਹੈ। ''ਦੇਸ਼ ਅੱਜ ਦੇ ਮਹਾਨ ਲੀਡਰ, ਇਸਰਾਏਲ ਦੇ ਬਾਦਸ਼ਾਹ, ਦਾਊਦ ਦੀ ਮੌਤ ਨਾਲ ਗ਼ਮ ਦੀ ਲਹਿਰ ਵਿਚ ਡੁੱਬਿਆ ਹੈ। ਦਾਊਦ ਬਾਦਸ਼ਾਹ ਦੀ ਜ਼ਿੰਦਗੀ ਦੀਆਂ ਝਲਕੀਆਂ ਵਿਖਾਉਣ ਦੀ ਇਸ ਖਾਸ ਸ਼ਰਧਾਂਜਲੀ ਵਿਚ ਅਸੀਂ ਤੁਹਾਨੂੰ ਆਪਣੇ ਨਾਲ ਬਣੇ ਰਹਿਣ ਦਾ ਸੱਦਾ ਦਿੰਦੇ ਹਾਂ। ਸਾਡੇ ਨਾਲ ਹਨ, ਮੰਨੇ ਪ੍ਰਮੰਨੇ ਕਮੈਂਟੇਟਰ, ਅਲੋਚਕ ਈਮਾ ਅਤੇ ਅਲੋਚਕ ਊਰਾ।''

### ਸਮਰਾਟ (2 ਸਮੂਏਲ 21:1-14)

ਜਵਾਨ ਦਾਊਦ ਦੇ ਉਦਾਸ ਚਿਹਰੇ ਨੂੰ ਨੇੜਿਓਂ ਵਿਖਾਉਂਦੇ ਹੋਏ ਵਾਚਕ ਦੀ ਅਵਾਜ਼ ਸੁਣਾਈ ਦਿੰਦੀ ਹੈ। ''ਤੁਹਾਡੇ ਵਿੱਚੋਂ ਕਈਆਂ ਨੂੰ ਯਾਦ ਹੋਵੇਗਾ ਕਿ ਸਾਢੇ ਸੱਤ ਸਾਲ ਦੇ ਗ੍ਰਹਿ ਯੁੱਧ ਅਤੇ ਫ਼ੌਜੀ ਯੁੱਧ ਦੇ ਬਾਅਦ ਦਾਊਦ ਨੂੰ ਪੂਰੇ ਇਸਰਾਏਲ ਉੱਤੇ ਬਾਦਸ਼ਾਹ ਮਸਹ ਕੀਤਾ ਗਿਆ ਸੀ। ਸੈਂਤੀ ਸਾਲਾਂ ਦੀ ਉਮਰ ਵਿਚ ਅਖ਼ੀਰ ਜਦ ਉਹ ਗੱਦੀ ਤੇ ਬੈਠਾ ਤਾਂ ਇਸਰਾਏਲ ਦੀ ਹਾਲਤ ਬੜੀ ਡਾਵਾਂਡੋਲ ਸੀ। ਦਾਊਦ ਨੂੰ ਅੰਦਰੂਨੀ ਦੁਸ਼ਮਣਾਂ ਦਾ ਹੀ ਨਹੀਂ, ਸ਼ਾਊਲ ਦੀ ਤਬਾਹਕੁਨ ਹਕੂਮਤ ਦਾ ਪ੍ਰਭਾਵ ਵੀ ਝੱਲਣਾ ਪਿਆ ਸੀ।''

ਕੈਮਰਾ ਪਿੱਛੇ ਘੁੰਮਦਾ ਹੈ। ਦਾਊਦ ਨੂੰ ਉਸ ਤੰਬੂ ਦੇ ਸਾਹਮਣੇ ਵਿਖਾਇਆ ਜਾਂਦਾ ਹੈ, ਜਿੱਥੇ ਅਹਿਦ ਦਾ ਸੰਦੂਕ ਸੀ।[2] ਉਹ ਅਸਮਾਨ ਵੱਲ ਵੇਖਦਾ ਹੋਇਆ ਕਹਿ ਰਿਹਾ ਹੈ: ''ਤਿੰਨ ਸਾਲ, ਹੇ ਖ਼ੁਦਾ, ਹੁਣ ਤਾਂ ਮੀਂਹ ਵਰ੍ਹੇ ਤਿੰਨ ਸਾਲ ਤੋਂ ਗਏ ਹਨ! ਸਾਡੇ ਪਸ਼ੂ ਮਰ ਰਹੇ ਹਨ। ਸਾਡੇ ਬੱਚੇ ਭੁੱਖ ਨਾਲ ਤੜਫ਼ ਰਹੇ ਹਨ। ਕਿਉਂ, ਹੇ ਯਹੋਵਾਹ ਇੰਜ ਕਿਉਂ ਹੋ ਰਿਹਾ ਹੈ?'' ਉੱਪਰੋਂ ਇਕ ਅਵਾਜ਼ ਆਉਂਦੀ ਹੈ: ''ਇਹ ਸ਼ਾਊਲ ਅਤੇ ਉਸ ਦੇ ਖ਼ੂਨੀ ਘਰਾਣੇ ਦੇ ਕਾਰਣ ਹੋਇਆ, ਕਿਉਂਕਿ ਉਸ ਨੇ ਗਿਬਓਨੀਆਂ ਨੂੰ ਮਰਵਾ ਛੱਡਿਆ ਸੀ'' (21:1)।[3]

ਦਾਊਦ ਨੂੰ ਯਰੂਸ਼ਲਮ ਵੱਲ ਜਾਂਦਿਆਂ ਵਿਖਾਉਂਦੇ ਹੋਏ ਵਾਚਕ ਵਿਆਖਿਆ ਕਰਦਾ ਹੈ: ''ਜਿਸ ਵਕਤ ਯਹੋਸ਼ੁਆ ਦੇਸ਼ ਵਿਚ ਆਇਆ ਸੀ, ਤਾਂ ਗਿਬਓਨੀਆਂ ਨੇ ਪਵਿੱਤਰ ਵਾਅਦਾ ਕਰਦਿਆਂ ਉਸ ਨਾਲ ਛਲ ਕੀਤਾ ਸੀ ਤਾਂ ਜੋ ਉਹ ਉਨ੍ਹਾਂ ਦਾ ਨਾਸ ਨਾ ਕਰੇ। ਜਦ ਯਹੋਸ਼ੁਆ ਨੂੰ ਪਤਾ ਲੱਗਾ ਕਿ ਉਸ ਦੇ ਨਾਲ ਛਲ ਹੋਇਆ ਹੈ, ਤਾਂ ਉਸ ਨੇ ਗਿਬਓਨੀਆਂ ਨੂੰ ਸਦਾ ਲਈ ਤੰਬੂ ਲਈ ਲਕੜੀ ਅਤੇ ਪਾਣੀ ਢੋਣ ਲਈ ਲੇਵੀਆਂ ਦੇ ਸੇਵਕ ਥਾਪ ਦਿੱਤਾ (ਯਹੋਸ਼ੁਆ 9)। ਜਦੋਂ ਸ਼ਾਊਲ ਬਾਦਸ਼ਾਹ ਬਣਿਆ, ਤਾਂ ਗਿਬਓਨੀ ਲੋਕਾਂ ਨੂੰ ਦੇਸ਼ ਅੰਦਰ ਯਹੋਸ਼ੁਆ ਰਾਹੀਂ ਥਾਪੇ ਗਏ ਕੰਮ ਅਰਾਮ ਨਾਲ ਕਰਦਿਆਂ ਤਿੰਨ ਸੌ ਤੋਂ ਵੱਧ ਸਾਲ ਹੋ ਚੁਕੇ ਸਨ। ਪਰ ਸ਼ਾਊਲ ਨੇ ਉਨ੍ਹਾਂ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ, ਅਤੇ ਬਹੁਤ ਹੱਦ ਤਕ ਉਹ ਕਾਮਯਾਬ ਵੀ ਹੋ ਗਿਆ।[4] ਦੇਰੀ ਨਾਲ ਮਿਲਣ ਵਾਲਾ ਨਤੀਜਾ ਦਾਊਦ ਦੀ ਹਕੂਮਤ ਦੇ ਸਮੇਂ ਮਿਲਿਆ, ਜਦ ਇਕ ਕਾਲ ਪਿਆ ਜਿਸ ਨਾਲ ਦੇਸ਼ ਸਰਾਪਤ ਹੋ ਗਿਆ।''

ਦਾਊਦ ਨੂੰ ਤਖ਼ਤ ਉੱਤੇ ਵਿਖਾ ਕੇ, ਦ੍ਰਿਸ਼ ਬਦਲ ਜਾਂਦਾ ਹੈ। ਉਸ ਦੇ ਸਾਹਮਣੇ ਹਨ। ਤਖ਼ਤ ਦੇ ਇਕ ਪਾਸੇ ਸੋਨੇ ਅਤੇ ਚਾਂਦੀ ਨਾਲ ਭਰੀ ਇਕ ਤਿਜੋਰੀ ਹੈ। ਉਨ੍ਹਾਂ ਲੋਕਾਂ ਨੂੰ ਗਿਬਓਨੀ ਕਿਹਾ ਜਾਂਦਾ ਹੈ। ਦਾਊਦ ਬੋਲਦਾ ਹੈ: ''ਮੈਂ ਤੁਹਾਡੇ ਲਈ ਕੀ ਕਰਾਂ?'' ਉਹ ਤਿਜੋਰੀ ਵੱਲ ਇਸ਼ਾਰਾ ਕਰਦਾ ਹੈ। ''ਅਤੇ ਕੀ ਕਰਕੇ ਅਜਿਹਾ ਪਛਤਾਵਾ ਕਰਾਂ, ਕਿ ਤੁਸੀਂ ਯਹੋਵਾ ਦੇ ਨਿੱਜ ਭਾਗ ਨੂੰ ਅਸ਼ੀਰਵਾਦ ਦੇ ਸਕੋ?'' (21:3)।

ਉਹ ਝੁਕ ਕੇ ਜਵਾਬ ਦਿੰਦੇ ਹਨ, ''ਸਾਡੇ ਸ਼ਾਊਲ ਅਤੇ ਘਰਾਣੇ ਦਰਮਿਆਨ ਰੁਪਏ ਪੈਸੇ ਦਾ ਕੋਈ ਝਗੜਾ ਨਹੀਂ; ਅਤੇ ਨਾ ਸਾਡਾ ਕੰਮ ਹੈ ਕਿ ਅਸੀਂ ਇਸਰਾਏਲ ਨੂੰ ਮਾਰ ਸੁੱਟੀਏ।'' ''ਮਾਰ ਸੁੱਟੀਏ?'' ਅਸੀਂ ਹੈਰਾਨ ਹੁੰਦੇ ਹਾਂ। ਉਹ ਖੂਨ ਦਾ ਬਦਲਾ ਖੂਨ ਚਾਹੁੰਦੇ ਹਨ। ਦਾਊਦ ਮਹਿਲ ਦੀ ਖਿੜਕੀ ਵਿੱਚੋਂ ਬਾਹਰ ਸੁੱਕੇ ਖੇਤਾਂ ਅਤੇ ਜ਼ਮੀਨਾਂ ਵਿਚ ਪਈਆਂ ਦਰਾੜਾਂ ਵੱਲ ਵੇਖਦਾ ਹੈ ਅਤੇ ਅੰਤ ਵਿਚ ਕਹਿੰਦਾ ਹੈ, ''ਜੋ ਕੁਝ ਤੁਸੀਂ ਕਰੋ, ਉਹੀ ਮੈਂ ਤੁਹਾਡੇ ਲਈ ਕਰਾਂਗਾ'' (21:4)।

ਆਦਮੀ ਜਵਾਬ ਦੇਣ ਨੂੰ ਤਿਆਰ ਹਨ: ''ਉਸ [ਸ਼ਾਊਲ] ਦੀ ਅੰਸ਼ ਦੇ ਸੱਤ ਜਨ ਸਾਨੂੰ ਸੌਂਪ ਦਿੱਤੇ ਜਾਣ, ਅਤੇ ਅਸੀਂ ਉਨ੍ਹਾਂ ਨੂੰ ਯਹੋਵਾਹ ਲਈ ... ਫਾਂਸੀ ਦਿਆਂਗੇ।'' ਦਾਊਦ ਦੇ ਚਿਹਰੇ ਤੇ ਰਾਹਤ ਅਤੇ ਉਦਾਸੀ ਦੋਵੇਂ ਵਿਖਾਈ ਦਿੰਦੇ ਹਨ। ਅਸੀਂ ਉਨ੍ਹਾਂ ਦੇ ਮਨਾਂ ਨੂੰ ਪੜ੍ਹ ਸਕਦੇ ਹਾਂ: ''ਸੈਂਕੜਿਆਂ ਦੇ ਬਦਲੇ ਵਿਚ ਸਿਰਫ਼ ਦਸ।... ਪਰ ਮੈਂ ਇਨ੍ਹਾਂ ਦੀ ਮੌਤ ਨੂੰ ਗਲਤ ਕਿਵੇਂ ਕਹਿ ਸਕਦਾ ਹਾਂ?'' ਅਖ਼ੀਰ ਬਾਦਸ਼ਾਹ ਹਾਂ ਵਿਚ ਸਿਰ ਹਿਲਾਉਂਦੇ ਹੋਏ ਆਖਦਾ ਹੈ, ''ਮੈਂ ਉਨ੍ਹਾਂ ਨੂੰ ਸੌਂਪ ਦਿਆਂਗਾ'' (21:6)।

ਆਦਮੀ ਚਲੇ ਜਾਂਦੇ ਹਨ। ਦਾਊਦ ਆਪਣੇ ਸਲਾਹਕਾਰਾਂ ਨੂੰ ਬੁਲਾਉਂਦਾ ਹੈ,[5] ਅਤੇ ਉਨ੍ਹਾਂ ਨੂੰ ਸੱਤ ਜਣੇ ਚੁਣਨ ਦਾ ਕੰਮ ਸੌਂਪਦਾ ਹੈ। ਉਹ ਸ਼ਾਊਲ ਦੇ ਵੰਸ਼ ਦੇ ਬਚਿਆਂ ਹੋਇਆਂ ਦੀ ਸੂਚੀ ਬਣਾਉਂਦੇ ਹਨ। ਮਫੀਬੋਸ਼ਥ ਦਾ ਨਾਂਅ ਆਉਣ ਤੇ ਦਾਊਦ ਸਿਰ ਹਿਲਾਉਂਦਾ ਹੈ। ਉਹ ਕਹਿੰਦਾ ਹੈ, ''ਮਫੀਬੋਸ਼ਥ ਦਾ ਨਾਂਅ ਕੱਟ ਦਿਓ, ਮੈਂ ਉਸ ਦੇ ਪਿਤਾ ਨਾਲ ਬਹੁਤ ਪਹਿਲਾਂ ਇਕ ਵਾਅਦਾ ਕੀਤਾ ਸੀ।''[6] ਬਹੁਤੀਆਂ ਸੰਭਾਵਨਾਵਾਂ ਨਹੀਂ ਹਨ; ਸ਼ਾਊਲ ਦਾ ਵੰਸ਼ ਕਰੀਬ ਖ਼ਤਮ ਹੋ ਚੁੱਕਿਆ ਹੈ।[7] ਜ਼ਿੰਦਾ ਬਚੇ ਕੁਝ ਲੋਕਾਂ ਵਿੱਚੋਂ ਸ਼ਾਊਲ ਦੇ ਦੋ ਮੁੰਡੇ ਤਾਂ ਰਖੇਲ ਰਿਸਪਾਹ ਦੇ ਹਨ,[8] ਅਤੇ ਪੰਜ ਮੁੰਡੇ ਸ਼ਾਊਲ ਦੀ ਸਭ ਤੋਂ ਵੱਡੀ ਬੇਟੀ ਮੇਰਬ ਦੇ ਹਨ।[9]

ਦ੍ਰਿਸ਼ ਬਦਲ ਜਾਂਦਾ ਹੈ, ਇਕ ਉੱਚੀ ਪਹਾੜੀ ਉੱਤੇ ਸੱਤ ਖੰਭਿਆਂ ਉੱਤੇ ਸੱਤ ਲਾਸ਼ਾਂ ਤੇ ਸੂਰਜ ਦੇ ਢਲਣ ਦੀ ਰੋਸ਼ਨੀ ਪੈ ਰਹੀ ਹੈ। ਇਕ ਔਰਤ ਸੋਗ ਵਾਲੇ ਵਸਤਰ ਪਾਈ, ਰੋਂਦੀ ਹੋਈ ਰਖਵਾਲੀ ਕਰ ਰਹੀ ਹੈ। ਜਦ ਅਸੀਂ ਵੇਖਦੇ ਹਾਂ, ਤਾਂ ਦ੍ਰਿਸ਼ ਵਿਚ ਥੋੜ੍ਹਾ ਜਿਹਾ ਬਦਲਾਅ ਸਮੇਂ ਵੱਲ ਇਸ਼ਾਰਾ ਕਰਦਾ ਹੈ। ਰਾਤ ਦਿਨ ਉਹ ਔਰਤ ਉਨ੍ਹਾਂ ਲਾਸ਼ਾਂ ਦੀ ਦਾਅਵਤ ਖਾਣ ਲਈ ਆਉਣ ਵਾਲੇ ਜਾਨਵਰਾਂ ਨੂੰ ਮਾਰ ਕੇ ਨਸਾਉਂਦੀ ਹੈ।[10]

ਦ੍ਰਿਸ਼ ਬਦਲ ਕੇ ਬਾਦਸ਼ਾਹ ਦੇ ਦਰਬਾਰ ਵਿਚ ਚਲਿਆ ਜਾਂਦਾ ਹੈ। ਦਾਊਦ ਕੋਲ ਇਕ ਦੂਤ ਆਉਂਦਾ ਹੈ। ਉਹ ਆਖਦਾ ਹੈ, ''ਰਿਸਪਾਹ ਅਜੇ ਵੀ ਉੱਥੇ ਹੈ ਅਤੇ ਉਨ੍ਹਾਂ ਲਾਸ਼ਾਂ ਦੀ ਰਖਵਾਲੀ ਕਰ ਰਹੀ ਹੈ।'' ਦਾਊਦ ਉਨ੍ਹਾਂ ਲਾਸ਼ਾਂ ਨੂੰ ਲਿਆ ਕੇ ਸ਼ਾਊਲ ਅਤੇ ਯੋਨਾਥਾਨ ਦੀਆਂ ਹੱਡੀਆਂ[11] ਨਾਲ ਸ਼ਾਊਲ ਦੇ ਪਿਤਾ ਕੀਸ਼ ਦੀ ਕਬਰ ਵਿਚ ਦਫ਼ਨਾਉਣ ਦਾ ਹੁਕਮ ਦੇ ਦਿੰਦਾ ਹੈ।

ਦ੍ਰਿਸ਼ ਬਦਲ ਕੇ ਇਕ ਵੱਡੀ ਕਬਰ ਦੇ ਬਾਹਰ ਚਲਾ ਜਾਂਦਾ ਹੈ। ਲੋਕਾਂ ਦੀ ਇਕ ਭੀੜ ਰੋ ਰਹੀ ਹੈ। ਉਹ ਸ਼ਾਂਤ ਹੈ, ਉਸ ਦਾ ਸਿਰ ਝੁਕਿਆ ਹੋਇਆ ਹੈ, ਅਤੇ ਉਹ ਡੂੰਘੀ ਸੋਚ ਵਿਚ ਡੁੱਬਾ ਹੈ। ਅਸਮਾਨ ਧੁੰਦਲਾ ਹੋ ਜਾਂਦਾ ਹੈ, ਬੱਦਲ ਇਕੱਠੇ ਹੁੰਦੇ ਹਨ, ਅਤੇ ਬਾਰਿਸ਼ ਹੋਣ ਲਗਦੀ ਹੈ। ਬਹੁਤ ਲੋਕ ਇੱਧਰ ਉੱਧਰ ਚਲੇ ਜਾਂਦੇ ਹਨ। ਕੈਮਰਾ ਅਸਮਾਨ ਵੱਲ ਉੱਠੇ ਦਾਊਦ ਦੇ ਚਿਹਰੇ ਤੇ ਪੈਂਦਾ ਹੈ।

ਦਾਊਦ ਦਾ ਚਿਹਰਾ ਸਕ੍ਰੀਨ ਤੋਂ ਗਾਇਬ ਹੋ ਜਾਂਦਾ ਹੈ ਅਤੇ ਦੋ ਵਾਚਕ ਸਾਹਮਣੇ ਆਉਂਦੇ ਹਨ। ਸਕ੍ਰੀਨ ਤੇ ਹੇਠਾਂ ਲਿਖੇ ਸ਼ਬਦਾਂ ਵਿੱਚੋਂ ਇਕ ਦੀ ਪਛਾਣ ਅਲੋਚਕ ਈਮਾ ਦੇ ਰੂਪ ਵਿਚ ਹੁੰਦੀ ਹੈ, ਜਿਹੜਾ ਲੰਬਾ ਪਤਲਾ ਅਤੇ ਗੁੱਸੈਲ ਚਿਹਰੇ ਵਾਲਾ ਹੈ। ਦੂਜਾ ਅਲੋਚਕ ਊਰਾ ਹੈ ਜਿਹੜਾ ਛੋਟੇ ਕੱਦ ਦਾ, ਹਸਮੁੱਖ ਆਦਮੀ ਹੈ।

ਈਮਾ ਗੁੜ੍ਹਕਦਾ ਹੈ, ''ਇਹੀ ਗੱਲ ਹੈ ਜੋ ਮੈਨੂੰ ਦਾਊਦ ਵੱਲ ਖਿੱਚਦੀ ਹੈ! ਲੋਕ ਇਵੇਂ ਕਰਦੇ ਹਨ ਜਿਵੇਂ ਬਹੁਤ ਮਹਾਨ ਹਨ ਵੇਖੋ, ਉਹ ਨਿਰਦੋਸ਼ ਲੋਕਾਂ ਦਾ ਕਤਲ ਕਰਨ ਲਈ ਸਹਿਮਤ ਹੋ ਰਿਹਾ ਹੈ! ਕਿੰਨੀ ਗਲਤ ਗੱਲ ਹੈ!''

ਊਰਾ ਤਿਊੜੀ ਚੜ੍ਹਾਉਂਦਾ ਹੋਇਆ ਕਹਿੰਦਾ ਹੈ, ''ਮੈਂ ਵੀ ਦਾਊਦ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹਾਂ, ਪਰ ਸ਼ਾਇਦ ਅਸੀਂ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ। ਜੋ ਕੁਝ ਉਸ ਨੇ ਕੀਤਾ ਉਹ ਸਾਫ਼ ਤੌਰ ਤੇ ਖ਼ੁਦਾ ਨੂੰ ਭਾਇਆ, ਸੋ ਹੋ ਸਕਦਾ ਹੈ ਕਿ ਕੋਈ ਅਜਿਹੀ ਗੱਲ ਹੋਵੇ ਜਿਸ ਦਾ ਸਾਨੂੰ ਪਤਾ ਨਹੀਂ ਹੈ। ਹੋ ਸਕਦਾ ਹੈ ਕਿ ਇਹ ਸ਼ਾਊਲ ਦੇ ਖ਼ੁਦਾ ਵੱਲੋਂ ਸ਼ਾਊਲ ਦੇ ਘਰਾਣੇ ਨੂੰ ਠੁਕਰਾਏ ਜਾਣ ਦਾ ਇਕ ਭਾਗ ਹੋਵੇ। ਹੋ ਸਕਦਾ ਹੈ ਕਿ ਮਰਨ ਵਾਲੇ ਨਿਰਦੋਸ਼ ਨਾ ਹੋਣ। ਯਾਦ ਕਰੋ ਕਿ ਖ਼ੁਦਾ ਨੇ ਕਿਹਾ ਸੀ, ''ਇਹ ਸ਼ਾਊਲ ਅਤੇ ਉਸ ਦੇ ਖ਼ੂਨੀ ਘਰਾਣੇ ਦੇ ਕਾਰਣ ਹੋਇਆ'' (21:1)।[12]

ਈਮਾ ਫੁੰਕਾਰਦਾ ਹੈ। ''ਸਿਰਫ਼ ਮੰਨ ਲਓ!''

ਊਰਾ ਆਪਣੀ ਠੋਡੀ ਉੱਤੇ ਖੁਰਕਦਾ ਹੈ। ''ਹੋ ਸਕਦਾ ਹੈ, ਦਾਊਦ ਨੂੰ ਸ਼ੱਕ ਦਾ ਫ਼ਾਇਦਾ ਦੇਣ ਨੂੰ ਤਿਆਰ ਹਾਂ। ਅੰਗੂਠਾ ਉੱਪਰ ਹੈ।''

ਤਾਲਿਕਾ ਦੇ ਬੋਰਡ ਤੇ ਸਹਿਮਤ ਹੋਣ ਲਈ ਅੰਗੂਠਾ ਉੱਪਰ ਅਤੇ ਨਾ ਹੋਣ ਲਈ ਅੰਗੂਠਾ ਹੇਠਾਂ ਵਿਖਾਇਆ ਜਾਂਦਾ ਹੈ।

## ਸਿਪਾਹੀ (2 ਸਮੂਏਲ 21:15:22; 1 ਇਤਿਹਾਸ 20:4-8)[13]

ਵਾਚਕ ਸਕ੍ਰੀਨ ਤੇ ਆਉਂਦਾ ਹੈ। ''ਦਾਊਦ ਇਕ ਫ਼ੌਜੀ ਮਾਹਿਰ ਸੀ। ਉਹ ਪਿੱਛੇ ਰਹਿ ਕੇ ਸੈਂਕੜੇ ਮੀਲਾਂ ਤੋਂ ਕੁਰਸੀ ਉੱਤੇ ਬੈਠ ਕੇ ਫ਼ੈਸਲੇ ਲੈਣ ਵਾਲਾ ਜਰਨੈਲ ਨਹੀਂ ਸੀ। ਉਹ ਆਪਣੀ ਫ਼ੌਜ ਦੇ ਨਾਲ ਸੀ! ਇਸਰਾਏਲ ਦੇ ਪੱਕੇ ਵੈਰੀ, ਫ਼ਲਿਸਤੀਆਂ ਨਾਲ ਯਾਦਗਾਰ ਜੰਗਾਂ ਵਿੱਚੋਂ ਇਕ ਦਾ ਦ੍ਰਿਸ਼ ਵੇਖੋ। ... ਜਿਸ ਵਿਚ ਗਤ ਵਾਸੀ ਦਿਓ ਹੈ।'' ਸਕ੍ਰੀਨ ਉੱਤੇ ਸੰਖੇਪ ਵਿਚ ਲਿਖਿਆ ਵਿਖਾਈ ਦਿੰਦਾ ਹੈ: ''ਅਗਲੇ ਦ੍ਰਿਸ਼ਾਂ ਵਿਚ ਹਿੰਸਾ ਅਤੇ ਮੌਤ ਦੀਆਂ ਤਸਵੀਰਾਂ ਹਨ। ਦਰਸ਼ਕਾਂ ਨੂੰ ਦਿਲ ਥੰਮ੍ਹ ਕੇ ਬੈਠਣ ਦੀ ਸਲਾਹ ਦਿੱਤੀ ਜਾਂਦੀ ਹੈ।''

ਸਾਨੂੰ ਜੰਗ ਦੇ ਮੈਦਾਨ ਵਿਚ ਪੁਚਾ ਦਿੱਤਾ ਗਿਆ ਹੈ। ਪਹਿਲਾਂ ਤਾਂ ਅਸੀਂ ਪਸੀਨੇ ਨਾਲ ਤਰ ਦੇਹਾਂ, ਥੰਮੇ ਹੋਏ ਹਥਿਆਰ, ਖ਼ੂਨ ਦੇ ਦਰਿਆ ਵਿਚ ਡੁੱਬੀਆਂ ਲਾਸ਼ਾਂ, ਤੜਫ਼ਦੇ ਹੋਏ ਲੋਕਾਂ ਦੀਆਂ ਚੀਕਾਂ ਵਿਚ ਘਿਰ ਜਾਂਦੇ ਹਾਂ। ਕੁਝ ਦੇਰ ਬਾਅਦ ਸਾਨੂੰ ਲੜਾਕੇ ਵਿਖਾਈ ਦਿੰਦੇ ਹਨ: ਦਾਊਦ ਅਤੇ ਉਸ ਦੇ ਆਦਮੀ ਫ਼ਲਿਸਤੀਆਂ ਨਾਲ ਲੜ ਰਹੇ ਹਨ। ਫ਼ਲਿਸਤੀਆਂ ਵਿਚ ਦਿਓ ਹਨ; ਉਹ ਆਪਣੇ ਤੋਂ ਛੋਟੇ ਇਸਰਾਏਲੀਆਂ ਤੇ ਲਟਕ ਪਏ ਹਨ। ਦਾਊਦ ਅਤੇ ਉਸ ਦੇ ਆਦਮੀ ਖੂੰਖਾਰ ਲਗ ਰਹੇ ਹਨ।

ਲੜਾਈ ਵਧਣ ਤੇ, ਦਾਊਦ ਧੀਮਾ ਹੋਰ ਧੀਮਾ ਹੁੰਦਾ ਜਾ ਰਿਹਾ ਹੈ। ਉਸਦੀਆਂ ਅੱਖਾਂ ਚਮਕਣ ਲੱਗਦੀਆਂ ਹਨ ਅਤੇ ਉਸ ਤੋਂ ਤਲਵਾਰ ਨਹੀਂ ਉੱਠ ਰਹੀ। ਇਕ ਦਿਓ ਦਾਊਦ ਦੀ ਹਾਲਤ ਵੇਖਦਾ ਹੈ, ਅਤੇ ਆਪਣੀ ਵੱਡੀ ਤਲਵਾਰ ਘੁਮਾਉਂਦੇ ਹੋਏ ਉਸ ਵੱਲ ਵਧਦਾ ਹੈ। ਆਖ਼ਰੀ ਪਲ ਵਿਚ ਦਾਊਦ ਦਾ ਇਕ ਸਿਪਾਹੀ ਬਾਦਸ਼ਾਹ ਅਤੇ ਉਸ ਦਿਓ ਦੇ ਵਿਚਕਾਰ ਆ ਜਾਂਦਾ ਹੈ, ਅਤੇ ਦੁਸ਼ਕਣਾਂ ਦੇ ਢਿੱਡ ਵਿਚ ਖੋਭ ਦਿੰਦਾ ਹੈ। ਉਸ ਦਿਓ ਦੇ ਜ਼ਮੀਨ ਤੇ ਡਿੱਗਣ ਨਾਲ ਸਾਡਾ ਸਾਹ ਵਾਪਸ ਆਉਂਦਾ ਹੈ।[14]

ਕੈਮਰਾ ਸਟੂਡੀਓ ਵਿਚ ਵਾਚਕਾਂ ਉੱਤੇ ਵੱਜਦਾ ਹੈ। ਊਰਾ ਈਮਾ ਵੱਲ ਵੇਖਦਾ ਹੈ। ''ਤੁਹਾਡਾ ਇਸ ਬਾਰੇ ਕੀ ਖ਼ਿਆਲ ਹੈ?''

ਈਮਾ ਫੁਸਫੁਸਾਉਂਦਾ ਹੈ, ''ਮੇਰੇ ਹਿਸਾਬ ਨਾਲ ਇਹ ਬਹੁਤ ਹੀ ਹਿੰਸਕ ਹੈ, ਪਰ ਮੈਨੂੰ ਲਗਦਾ ਹੈ ਕਿ ਦੇਸ਼ ਵਿਚ ਸ਼ਾਂਤੀ ਲਿਆਉਣ ਲਈ ਅਜਿਹਾ ਹੋਣਾ ਜ਼ਰੂਰੀ ਸੀ। ਮੇਰੇ ਖ਼ਿਆਲ ਵਿਚ ਇਹ ਅੰਗੂਠਾ ਉੱਪਰ ਹੋਇਆ।''

## ਗਾਇਕ (2 ਸਮੂਏਲ 22:1-51)[15]

ਦ੍ਰਿਸ਼ ਬਦਲ ਕੇ ਬਾਦਸ਼ਾਹ ਦੇ ਤਖ਼ਤ ਵਾਲੇ ਕਮਰੇ ਵਿਚ ਚਲਿਆ ਜਾਂਦਾ ਹੈ। ਬਾਦਸ਼ਾਹ ਵਾਲਾ

ਲਿਬਾਸ ਪਾਈ ਦਾਊਦ ਤਖ਼ਤ ਉੱਤੇ ਬੈਠਾ ਹੈ, ਉਸ ਦੇ ਹੱਥ ਵਿਚ ਵੀਣਾ ਹੈ। ਵਾਚਕ ਬੋਲਦਾ ਹੈ: ''ਸਾਡੇ ਵਿੱਚੋਂ ਬਹੁਤ ਸਾਰੇ ਲੋਕ ਦਾਊਦ ਦੀ ਜ਼ਿੰਦਗੀ ਤੋਂ ਓਨਾ ਪ੍ਰਭਾਵਿਤ ਨਹੀਂ ਹੋਣਗੇ, ਜਿੰਨਾਂ ਉਸ ਦੇ ਗੀਤਾਂ ਤੋਂ, ਸਾਡੇ ਵਾਂਗ ਦਾਊਦ ਦੀ ਜ਼ਿੰਦਗੀ ਵਿਚ ਵੀ ਉਦਾਸੀ ਅਤੇ ਪਰੇਸ਼ਾਨੀ ਦੇ ਪਲ ਆਏ। ਸਾਡੇ ਵਿੱਚੋਂ ਬਹੁਤਿਆਂ ਦੇ ਉਲਟ ਦਾਊਦ ਨੂੰ ਉਨ੍ਹਾਂ ਜਜ਼ਬਾਤਾਂ ਨੂੰ ਚਮੜੇ ਦੇ ਪੱਤਰਿਆਂ ਤੇ ਲਿਖ ਕੇ ਉਸ ਨੂੰ ਖ਼ੁਦਾ ਨਾਲ ਜੋੜਨ ਦਾ ਦਾਨ ਮਿਲਿਆ ਹੈ। ਆਓ ਸੁਣੋ ਕਿ ਹੁਣੇ ਹੁਣੇ ਜਿੱਤ ਪ੍ਰਾਪਤ ਕਰਕੇ ਦਾਊਦ ਖ਼ੁਦਾ ਦੀ ਵਡਿਆਈ ਕਿਵੇਂ ਕਰਦਾ ਹੈ।''

ਉਸ ਦੀਆਂ ਅੱਖਾਂ ਮਿਟੀਆਂ ਹੋਈਆਂ ਹਨ, ਉਹ ਸੁਰੀਲੀ ਅਵਾਜ਼ ਵਿਚ ਗਾਉਣ ਲਗਦਾ ਹੈ।

> ਯਹੋਵਾਹ ਮੇਰੀ ਚੱਟਾਨ, ਮੇਰਾ ਗੜ੍ਹ,
> ਮੇਰਾ ਛੁਡਾਉਣ ਵਾਲਾ ਹੈ, ਉਹ ਮੇਰਾ ਹੈ!
> ਪਰਮੇਸ਼ੁਰ ਮੇਰਾ ਟਿੱਲਾ ਜਿਹ ਦੀ ਸ਼ਰਨ ਮੈਂ ਆਇਆ ਹਾਂ,
> ਮੇਰੀ ਢਾਲ, ਮੇਰੇ ਬਚਾਓ ਦਾ ਸਿੰਙ,
> ਮੇਰਾ ਉੱਚਾ ਗੜ੍ਹ ਅਤੇ ਮੇਰੀ ਓਟ। ...
> ਮੈਂ ਯਹੋਵਾ ਨੂੰ ਜਿਹੜਾ ਉਸਤਤ ਜੋਗ ਹੈ ਪੁਕਾਰਾਂਗਾ,
> ਸੋ ਮੈਂ ਆਪਣੇ ਵੈਰੀਆਂ ਤੋਂ ਬਚ ਜਾਵਾਂਗਾ (22:2–4)।

ਕੈਮਰਾ ਦਾਊਦ ਉੱਤੇ ਵੱਜਦਾ ਹੈ। ਇਕ ਪਲ ਲਈ ਉਸ ਦਾ ਚਿਹਰਾ ਤਣਾਅ ਵਿਚ ਆ ਜਾਂਦਾ ਹੈ।

> ਮੈਂ ਆਪਣਿਆਂ ਵੈਰੀਆਂ ਦਾ ਪਿੱਛਾ ਕਰ ਕੇ ਉਨ੍ਹਾਂ ਦਾ ਨਾਸ ਕੀਤਾ,
> ਮੈਂ ਪਿਛਾਹਾਂ ਨਾ ਹਟਿਆ ਜਿੰਨਾ ਚਿਰ ਉਨ੍ਹਾਂ ਦਾ ਨਾਸ ਨਾ ਹੋ ਗਿਆ।
> ... ਤੈਂ ਮੈਨੂੰ ਕੌਮਾਂ ਦਾ ਮੁਖੀਆ ਥਾਪਿਆ,
> ਜਿਨ੍ਹਾਂ ਲੋਕਾਂ ਨੂੰ ਮੈਂ ਨਹੀਂ ਜਾਤਾ, ਉਨ੍ਹਾਂ ਨੇ ਮੇਰੀ ਸੇਵਾ ਕੀਤੀ (22:38, 44)।

ਗੀਤ ਖ਼ਤਮ ਹੋਣ ਦੇ ਨਾਲ ਉਸਦਾ ਚਿਹਰਾ ਨਰਮ ਪੈ ਜਾਂਦਾ ਹੈ:

> ਏਸੇ ਕਾਰਣ ਹੇ ਯਹੋਵਾਹ, ਮੈਂ ਕੌਮਾਂ ਵਿਚ ਤੇਰਾ ਧੰਨਵਾਦ ਕਰਾਂਗਾ,
> ਅਤੇ ਤੇਰੇ ਨਾਮ ਦਾ ਜੱਸ ਗਾਵਾਂਗਾ!
> ਉਹ ਆਪਣੇ ਬਾਦਸ਼ਾਹ ਲਈ ਬਚਾਓ ਦਾ ਬੁਰਜ ਹੈ,
> ਅਤੇ ਆਪਣੇ ਮਸਹ ਕੀਤੇ ਹੋਏ ਉੱਤੇ
> ਅਰਥਾਤ ਦਾਊਦ ਅਰ ਉਹ ਦੀ ਅੰਸ਼ ਉੱਤੇ
> ਸਦਾ ਤੀਕ ਦਯਾ ਕਰਦਾ ਹੈ (22:50, 51)।

ਦ੍ਰਿਸ਼ ਵਾਚਕਾਂ ਵੱਲ ਮੁੜਨ ਤੇ ਊਰਾ ਪਹਿਲਾਂ ਬੋਲਦਾ ਹੈ: ''ਮੈਂ ਤਾਂ ਕਹਾਂਗਾ ਕਿ ਇਹ ਦ੍ਰਿਸ਼ ਉਸ ਦੀਆਂ ਫ਼ੌਜੀ ਜਿੱਤਾਂ ਦੇ ਬਾਅਦ ਦਾ ਨਹੀਂ, ਸਗੋਂ ਬਥਸ਼ਬਾ ਨਾਲ ਉਸ ਦੇ ਪਾਪ ਤੋਂ ਪਹਿਲਾਂ ਦਾ ਹੈ।[16] ਇਹ ਯਹੋਵਾਹ ਨਾਲ ਕੀਤੇ ਗਏ ਉਸ ਦੇ ਵਾਅਦੇ ਤੋਂ ਪਹਿਲਾਂ ਦਾ ਹੋ ਸਕਦਾ ਹੈ (2 ਸਮੂਏਲ 7)। ਗੀਤ ਜਦੋਂ ਵੀ ਲਿਖਿਆ ਗਿਆ ਹੋਵੇ, ਮੇਰੇ ਉੱਤੇ ਇਸ ਦਾ ਅਸਰ ਹੋਇਆ ਹੈ!''

ਈਮਾ ਆਖਦਾ ਹੈ, ''ਆਪਣੇ ਦੁਸ਼ਮਣਾਂ ਦੀ ਰਾਹ ਤੇ ਉਸ ਦੀ ਬੁਰੀ ਦ੍ਰਿਸ਼ਟੀ ਨਾਲ ਮੈਨੂੰ ਕੋਈ

ਅਸਰ ਨਹੀਂ ਹੋਇਆ।''

''ਫਿਰ ਵੀ ਇਹ ਇਕ ਬਹੁਤ ਵਧੀਆ ਜ਼ਬੂਰ ਸੀ!''

''ਸਹੀ ਗੱਲ ਹੈ! ... ਵਾਕਈ ਵਧੀਆ ਜ਼ਬੂਰ ਸੀ। ... ਝਕਦੇ ਝਕਦੇ ਅੰਗੂਠਾ ਉੱਪਰ।''

ਆਪਣੇ ਪੱਖ ਵਿਚ ਦੋ ਵਾਰ ਅੰਗੂਠਾ ਉੱਪਰ ਹੋਣ ਤੇ ਊਰਾ ਦਾ ਚਿਹਰਾ ਖਿੜ ਜਾਂਦਾ ਹੈ।

## ਸਾਧੂ (2 ਸਮੂਏਲ 23:8-39)[17]

ਕਈ ਦੰਦਾਂ ਵਾਲਾ ਇਕ ਆਦਮੀ ਦਮਿਸ਼ਕੀ ਜੁੱਤੀਆਂ ਦੇ ਵੇਚਦੇ ਹੋਏ ਸਕ੍ਰੀਨ ਤੇ ਆਉਂਦਾ ਹੈ। ਸਾਡੇ ਡ੍ਰਿੰਕ ਲੈ ਕੇ ਵਾਪਸ ਆਉਣ ਤੇ ਵਾਚਕ ਕਹਿ ਰਿਹਾ ਹੁੰਦਾ ਹੈ, ''ਹੁਣ ਅਸੀਂ ਦਾਊਦ ਦੀ ਹਕੂਮਤ ਦੇ ਆਖ਼ਰੀ ਦਸ ਸਾਲਾਂ ਵੱਲ ਅੱਗੇ ਵਧਦੇ ਹਾਂ।'' ਦ੍ਰਿਸ਼ ਬਦਲ ਕੇ ਫੇਰ ਦਾਊਦ ਦੇ ਤਖ਼ਤ ਵਾਲੇ ਕਮਰੇ ਵਿਚ ਚਲਿਆ ਜਾਂਦਾ ਹੈ। ਦਾਊਦ ਦੇ ਲਾਲ ਵਾਲ ਚਿੱਟੇ ਹੋ ਚੁੱਕੇ ਹਨ। ਸ਼ਾਹੀ ਲਿਬਾਸ ਬਾਦਸ਼ਾਹ ਦੀ ਕਮਰ ਤੇ ਕੁਝ ਤੰਗ ਹੋ ਗਿਆ ਹੈ। ਵਾਚਕ ਅੱਗੇ ਆਖਦਾ ਹੈ: ''ਦਾਊਦ ਨੇ ਆਪਣੇ ਆਖ਼ਰੀ ਦਿਨਾਂ ਵਿਚ ਇਕ ਗੱਲ ਕੀਤੀ ਕਿ ਉਸ ਨੇ ਖਾਸ ਲੋਕਾਂ ਲਈ ਤਾਰੀਫ਼ ਜ਼ਾਹਰ ਕੀਤੀ। ਉਨ੍ਹਾਂ ਆਮ ਲੋਕਾਂ ਵਿੱਚੋਂ ਉਹ ਲੋਕ ਵੀ ਸਨ ਜਿਹੜੇ ਉਸ ਨਾਲ ਤਦ ਮਿਲੇ ਸਨ ਜਦ ਉਹ ਸ਼ਾਊਲ ਤੋਂ ਭਗੌੜਾ ਸੀ।''

ਇਕ ਤਸਵੀਰ ਦਾਊਦ ਦੇ ਦਰਬਾਰ ਵਿੱਚੋਂ ਲਈ ਜਾਂਦੀ ਹੈ। ਦਾਊਦ ਦੇ ਦਰਬਾਰ ਦੇ ਸੈਕਟਰੀ ਨੂੰ ਬੁਲਾਇਆ ਜਾਂਦਾ ਹੈ। ਜਿਹੜਾ ਚਮੜੇ ਦੇ ਪੱਤਰੇ, ਕਲਮ ਅਤੇ ਸਿਆਹੀ ਕੱਢਦਾ ਹੈ। ਦਾਊਦ ਨੇ ਉਸ ਨੂੰ ਤਿੰਨ ਸੂਰਵੀਰਾਂ, ਦੋਦੋ ਦਾ ਪੁੱਤਰ ਏਲੀਆਜ਼ਰ, ਆਗੇ ਨਾਮਕ ਇਕ ਪਹਾੜੀ ਦਾ ਪੁੱਤਰ ਸ਼ੰਮਾ, ਜਿਸਨੇ ਉਸ ਨੂੰ ਵੱਡੀਆਂ ਜਿੱਤਾਂ ਦੁਆਈਆਂ ਸਨ, ਅਤੇ ਯੋਸ਼ੇਬ-ਬੱਸ਼ਬਤ ਜਿਸ ਨੇ ਇੱਕੋ ਸਮੇਂ ਅੱਠ ਸੌ ਆਦਮੀ ਮਾਰ ਸੁੱਟੇ ਸਨ, ਦੇ ਨਾਮ ਲਿਖਾਉਂਦਾ ਹੈ।[18]

ਦਾਊਦ ਰੁਕਦਾ ਹੈ ਅਤੇ ਫਿਰ ਲਿਖਣ ਵਾਲੇ ਨੂੰ ਹਦਾਇਤ ਦਿੰਦਾ ਹੈ, ਇਹ ਜ਼ਰੂਰ ਲਿਖਣਾ, ''ਅਤੇ ਯਹੋਵਾਹ ਨੇ ਵੱਡੀ ਜਿੱਤ ਦੁਆਈ'' (23:12)।

ਦਾਊਦ ਉਨ੍ਹਾਂ ਤਿੰਨਾਂ ਸੂਰਵੀਰਾਂ ਦੀ ਕਹਾਣੀ ਦੱਸਦਾ ਹੈ, ਜੋ ਉਸਦੇ ਲਈ ਬੈਤਲਹਮ ਵਿੱਚੋਂ ਪਾਣੀ ਲਿਆਏ ਸਨ। ਉਸ ਦੀਆਂ ਅੱਖਾਂ ਉਨ੍ਹਾਂ ਦੀ ਬਹਾਦੁਰੀ ਅਤੇ ਵਫ਼ਾਦਾਰੀ ਨੂੰ ਯਾਦ ਕਰਕੇ ਧੁੰਦਲੀਆਂ ਹੋਣ ਲਗਦੀਆਂ ਹਨ।

ਦਾਊਦ ਅਗਲੇ ਉਨ੍ਹਾਂ ਆਦਮੀਆਂ ਦੇ ਨਾਮ ਦੱਸਦਾ ਹੈ। ਪਹਿਲਾ ਯੋਆਬ ਦਾ ਭਰਾ, ਅਬੀਸ਼ਈ ਹੈ, ਜਿਹੜਾ ਤੀਹਾਂ ਤੇ ਸਰਦਾਰ ਸੀ। ਉਸ ਦੇ ਬਾਅਦ ਬਨਾਯਾਹ ਹੈ, ਜਿਹੜਾ ਦਾਊਦ ਦੇ ਨਿੱਜੀ ਅੰਗਰੱਖਿਅਕ ਦਾ ਕਪਤਾਨ ਬਣਿਆ। ਬਾਕੀਆਂ ਦੇ ਨਾਮ ਦੱਸਦੇ ਇਕ ਇਕ ਦੇ ਨਾਮ ਬੋਲਦੇ ਹੋਏ, ਉਨ੍ਹਾਂ ਦੇ ਅਤੀਤ ਨੂੰ ਯਾਦ ਕਰਦਿਆਂ ਦਾਉਦ ਰੁਕ ਜਾਂਦਾ ਹੈ: ''ਯੋਆਬ ਦਾ ਭਰਾ ਅਸਾਹੇਲ[19] ... ਏਲਹਾਨਾਨ ... ਸ਼ੰਮਾਹ ... ਏਲੀਕਾ ...।'' ਕੁਝ ਦੇਰ ਬਾਅਦ ਦਾਊਦ ਨਾਂਅ ਲਿਖਾਉਣਾ ਬੰਦ ਕਰਦਾ ਹੈ। ਉਹ ਆਖ਼ਰੀ ਨਾਮ ਬੋਲਦਾ ਹੈ: ''ਹਿੱਤੀ ਊਰੀਯਾਹ।''[20] ਕੈਮਰਾ ਇਕ ਪਲ ਲਈ ਦਾਊਦ ਦੇ ਚਿਹਰੇ ਤੇ ਪੈਂਦਾ ਹੈ, ਜਿਹੜਾ ਦਰਦ ਨਾਲ ਭਰਿਆ ਹੋਇਆ ਹੈ। ਸਕ੍ਰੀਨ ਧੁੰਦਲੀ ਪੈਂਦੀ ਹੈ।

ਸਟੂਡੀਓ ਵਿਚ ਈਮਾ ਬੁੜਬੁੜਾ ਰਿਹਾ ਹੈ। ''ਹੋਰ ਕਰੋ ਹਿੰਸਾ ਦੀ ਖੁਸ਼ਾਮਦ!'' ਊਰਾ ਬੇਨਤੀ ਕਰਦਾ ਹੈ, ''ਪਰ ਇਹ ਜ਼ਰੂਰੀ ਸੀ। ਅਹਿਮ ਗੱਲ ਇਹ ਹੈ ਕਿ ਦਾਊਦ ਨੇ ਆਪਣੇ ਆਦਮੀਆਂ ਦੀ ਸਲਾਹੁਤ ਕੀਤੀ! ਇਸ ਤੋਂ ਉਸ ਦੀ ਬੁੱਧ ਅਤੇ ਸੁਭਾਅ ਦਾ ਪਤਾ ਚੱਲਦਾ ਹੈ।''

ਝਕਦੇ ਹੋਏ ਈਮਾ ਮੰਨ ਲੈਂਦਾ ਹੈ। ''ਹੋ ਸਕਦਾ ਹੈ।''

ਈਮਾ ਦਾ ਸਿਰ ਹਿਲਾਉਣਾ ਉਹਦੀ ਹਾਂ ਹੀ ਲਗਦਾ ਹੈ।

ਬੋਰਡ ਤੇ ਦੋ ਅੰਗੂਠੇ ਉੱਪਰ ਨੂੰ ਜੁੜ ਜਾਂਦੇ ਹਨ।

**ਪਾਪੀ (2 ਸਮੂਏਲ 24:1-25; 1 ਇਤਿਹਾਸ 21:1-22:1; 27:23, 24)**[21]

ਵਾਚਕ ਸਕ੍ਰੀਨ ਤੇ ਆਉਂਦਾ ਹੈ: ''ਦਾਊਦ ਦੇ ਆਖ਼ਰੀ ਦਿਨ ਜਿੱਤ ਅਤੇ ਦੁਖਾਂਤ ਦਾ ਮਿਸ਼ਰਣ ਸਨ। ਜਿਹੜੀ ਗੱਲ ਨੂੰ ਕੋਈ ਭੁੱਲ ਨਹੀਂ ਸਕਦਾ, ਉਹ ਬਾਦਸ਼ਾਹ ਵੱਲੋਂ ਅਰੰਭ ਕੀਤੀ ਗਈ ਖ਼ਾਸ ਮਰਦਮਸ਼ੁਮਾਰੀ ਸੀ।''

ਅਸੀਂ ਫੇਰ ਦਰਬਾਰ ਵਾਲੇ ਕਮਰੇ ਵੱਲ ਵੇਖ ਰਹੇ ਹਾਂ। ਬਾਦਸ਼ਾਹ ਦੇ ਸਾਹਮਣੇ ਇਕ ਖ਼ੂੰਖਾਰ ਬੁੱਢਾ[22] ਖੜਾ ਹੈ ਅਤੇ ਦੂਜੇ ਲੋਕ ਫ਼ੌਜੀ ਵਰਦੀ ਵਿਚ ਉਸ ਦੇ ਸਾਹਮਣੇ ਖੜੇ ਹਨ। ਦਾਊਦ ਦੇ ਵਾਲ ਕਾਫ਼ੀ ਚਿੱਟੇ ਹੋ ਚੁੱਕੇ ਹਨ। ਪਰ ਉਸ ਦੀ ਅਵਾਜ਼ ਅਜੇ ਵੀ ਰੋਅਬਦਾਰ ਹੈ: ''... ਦਾਨ ਤੋਂ ਬਏਰਸ਼ਬਾ ਤਕ ਰਹਿਣ ਵਾਲੇ ਸਭ ਕਲੀਲਿਆਂ ਵਿਚ ਐਧਰ ਉਧਰ ਘੁੰਮ ਕੇ ਤੁਸੀਂ ਲੋਕ ਪਰਜਾ ਦੀ ਗਿਣਤੀ ਕਰ ਲਓ, ਤਾਂ ਜੋ ਮੈਂ ਪਰਜਾ [ਫ਼ੌਜ ਦੀ ਉਮਰ ਵਾਲੇ ਲੋਕਾਂ (ਵੇਖੋ 2 ਸਮੂਏਲ 24:9)] ਦੀ ਗਿਣਤੀ ਜਾਣ ਲਵਾਂ'' (2 ਸਮੂਏਲ 24:2)।

ਦ੍ਰਿਸ਼ ਬਦਲ ਜਾਂਦਾ ਹੈ। ਦਾਊਦ ਆਪਣੇ ਪਲੰਗ ਤੇ ਬੈਠਾ, ਉੱਚੀ ਅਵਾਜ਼ ਨਾਲ ਪੱਤਰੀ ਪੜ੍ਹ ਰਿਹਾ ਹੈ। ''ਹੰਮ ... ਇਸਰਾਏਲ ਵਿਚ 800,000 ਯੋਧੇ ਹਨ ਜਿਹੜੇ ਤਲਵਾਰ ਚਲਾਉਂਦੇ ਹਨ ਅਤੇ ਯਹੂਦਾ ਵਿਚ 500,000 ਆਦਮੀ।[23] ਉਹ ਆਪਣੇ ਬਿਸਤਰੇ ਕੋਲ ਜਗ ਰਹੀ ਬੱਤੀ ਬੁਝਾ ਦਿੰਦਾ ਹੈ ਅਤੇ ਲੇਟ ਜਾਂਦਾ ਹੈ। ਉਹ ਏਧਰ ਉੱਧਰ ਪਾਸਾ ਲੈਂਦਾ ਹੈ। ਅਖ਼ੀਰ ਵਿਚ ਕੁਝ ਬੋਲਦਾ ਹੈ, ''... ਇਹ ਕੰਮ ਜਿਹੜਾ ਮੈਂ ਕੀਤਾ ਹੈ ਮਹਾਪਾਪ ਹੈ। ... ਮੈਥੋਂ ਵੱਡੀ ਮੂਰਖਤਾ ਹੋਈ ਹੈ'' (24:10)।[24]

ਅਗਲੀ ਸਵੇਰ ਹੋ ਗਈ ਹੈ। ਦਾਊਦ ਆਪਣੇ ਬਿਸਤਰ ਕੋਲ ਬੈਠਾ ਹੈ, ਜਦੋਂ ਇਕ ਆਦਮੀ ਉਸ ਦੇ ਸੌਣ ਵਾਲੇ ਕਮਰੇ ਵਿਚ ਦਾਖ਼ਲ ਹੁੰਦਾ ਹੈ। ਦਾਊਦ ਉਸ ਨੂੰ ਵੇਖ ਕੇ ਹੈਰਾਨ ਨਹੀਂ ਹੁੰਦਾ। ਆਦਮੀ ਬੋਲਦਾ ਹੈ:

> ਗੱਲ ਕਾਹਦੀ, ਗਾਦ ਦਾਊਦ ਕੋਲ ਆਇਆ ਅਰ ਉਸ ਨੂੰ ਆਖਿਆ ਕਿ ਯਹੋਵਾਹ ਦੀ ਇਹ ਆਖਿਆ ਹੈ ਜੋ ਤੂੰ ਇੰਨ੍ਹਾਂ ਵਿੱਚੋਂ ਇਕ ਚੁਣ ਲੈ। ਯਾ ਤਿੰਨ ਵਰ੍ਹਿਆਂ ਦਾ ਅੰਨ ਕਾਲ ਹੋਵੇ[25] ਯਾ ਤੂੰ ਆਪਣੇ ਵੈਰੀਆਂ ਦੇ ਸਾਹਮਣੇ ਤਿੰਨਾਂ ਮਹੀਨਿਆਂ ਤੋੜੀ ਨਾਸ ਹੁੰਦਾ ਜਾਏਂ ਜਦੋਂ ਤੇਰੇ ਵੈਰੀਆਂ ਦੀ ਤਲਵਾਰ ਤੇਰੇ ਉੱਤੇ ਆ ਪਵੇ ਯਾ ਤਿੰਨ ਦਿਨਾਂ ਤਕ ਯਹਵੋਾਹ ਦੀ ਤਲਵਾਰ, ਅਰਥਾਤ ਮਹਾਂ ਮਰੀ, ਦੇਸ ਵਿਚ ਹੋਵੇ ਅਰ ਯਹੋਵਾਹ ਦਾ ਦੂਤ ਇਸਰਾਏਲ ਦੀ ਸਾਰੀ ਧਰਤੀ ਵਿਚ ਨਸ਼ਟ ਕਰਦਾ ਫਿਰੇ। ਹੁਣ ਵਿਚਾਰ ਕੇ ਦੱਸ, ਜੋ ਮੈਂ ਆਪਣੇ ਘੱਲਣ ਵਾਲੇ ਨੂੰ ਕੀ ਉੱਤਰ ਦੇਵਾਂ (1 ਇਤਿਹਾਸ 21:11, 12)।

ਦਾਊਦ ਆਪਣੇ ਕਮਰੇ ਵਿਚ ਪਰੇਸ਼ਾਨੀ ਵਿਚ ਏਧਰ ਉਧਰ ਘੁਮੰਦਾ ਹੈ, ''ਮੈਂ ਬੜੀ ਮੁਸੀਬਤ ਵਿਚ ਹਾਂ; ਅਸੀਂ ਯਹੋਵਾਹ ਦੇ ਹੱਕ ਵਿਚ ਪਈਏ ਕਿਉਂ ਜੋ ਉਸ ਦੀ ਵੱਡੀ ਕਿਰਪਾ ਹੈ ਪਰ ਮਨੁੱਖ ਦੇ ਹੱਥ ਵਿਚ ਨਾ ਪਈਏ'' (24:14)।

ਸਕ੍ਰੀਨ ਤੇ ਸ਼ਬਦ ਸੰਖੇਪ ਵਿਚ ਵਿਖਾਏ ਜਾਂਦੇ ਹਨ: ''ਅੱਗੇ ਦੇ ਦ੍ਰਿਸ਼ਾਂ ਲਈ ਘਰ ਦੇ ਵੱਡਿਆਂ ਦੇ ਨਾਲ ਹੋਣ ਦੀ ਸਲਾਹ ਦਿੱਤੀ ਜਾਂਦੀ ਹੈ।'' ਸਾਨੂੰ ਇਕ ਛੋਟੇ ਜਿਹੇ ਪਿੰਡ ਦੀ ਮੁੱਖ ਸੜਕ ਤੇ ਲਿਆਂਦਾ ਜਾਂਦਾ ਹੈ। ਬਜ਼ਾਰ ਵਿਚ ਲੋਕਾਂ ਨੂੰ ਛੇਤੀ ਹੈ। ਦੁਕਾਨਦਾਰ ਲੰਘਣ ਵਾਲਿਆਂ ਨੂੰ ਅਵਾਜ਼ ਦੇ ਰਹੇ ਹਨ। ਔਰਤਾਂ ਭਾਂਡੇ ਵੇਖਦੀਆਂ ਹਨ ਅਤੇ ਇਕ ਦੂਜੇ ਨਾਲ ਮਿਲਦੀਆਂ ਹਨ। ਬੱਚੇ ਆਪਣੀਆਂ ਮਾਵਾਂ ਕੋਲ ਖੇਡ ਰਹੇ ਹਨ।

ਅਚਾਨਕ ਸੰਘਣਾ ਬੱਦਲ ਅਸਮਾਨ ਵਿਚ ਉੱਡਦਾ ਵਿਖਾਈ ਦਿੰਦਾ ਹੈ। ਉੱਪਰ ਵੇਖਦੇ ਹੋਏ ਲੋਕਾਂ ਦੇ ਚਿਹਰਿਆਂ ਤੇ ਸਹਿਮ ਵੇਖਿਆ ਜਾ ਸਕਦਾ ਹੈ। ਸ਼ਹਿਰ ਤੇ ਬੱਦਲ ਛਾਉਣ ਤੇ ਲੋਕ ਡਰ ਨਾਲ ਡਿੱਗ ਪੈਂਦੇ ਹਨ: ਇਕ ਦੁਕਾਨਦਾਰ, ਇਕ ਆਦਮੀ ਆਪਣੇ ਪਰਿਵਾਰ ਦੇ ਨਾਲ ਚੱਲ ਰਿਹਾ ਹੈ, ਇਕ

ਆਦਮੀ ਗਲੀ ਵਿੱਚੋਂ ਨੱਸ ਰਿਹਾ ਹੈ। ਔਰਤਾਂ ਡਿੱਗੇ ਆਦਮੀ ਵੱਲ ਨੂੰ ਭੱਜਦੀਆਂ ਹਨ, ਝੁਕ ਕੇ ਉਸ ਨੂੰ ਵੇਖਦੀਆਂ ਹਨ। ਕੈਮਰਾ ਉਸ ਆਦਮੀ ਦੇ ਮੂੰਹ ਤੇ ਪੈਂਦਾ ਹੈ, ਜਿਹੜਾ ਡਿੱਗ ਪਿਆ ਸੀ। ਉਸ ਦੇ ਚਿਹਰੇ ਤੇ ਖ਼ੌਫ਼ ਹੈ। ਗਲੀ ਵਿਚ ਚੀਕ ਚਿਹਾੜਾ ਪੈ ਜਾਂਦਾ ਹੈ।

ਸਾਨੂੰ ਇਕ ਦੂਜੇ ਪਿੰਡ ਲਿਜਾਇਆ ਜਾਂਦਾ ਹੈ, ਜਿੱਥੇ ਉਹੋ ਜਿਹਾ ਹੀ ਨਜ਼ਾਰਾ ਹੈ ... ਫਿਰ ਦੂਜੇ ਪਿੰਡ ਵਿਚ ... ਫਿਰ ਕਿਸੇ ਹੋਰ ਪਿੰਡ ਵਿਚ ...। ਅਸੀਂ ਕੰਬਦੇ ਹੋਏ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਾਂ। ਸਾਨੂੰ ਹੈਰਾਨੀ ਹੁੰਦੀ ਹੈ ਕਿ ਸਾਡੀਆਂ ਅੱਖਾਂ ਭਿੱਜ ਗਈਆਂ ਹਨ। ਵਾਚਕ ਨੂੰ ਅਸੀਂ ਇਹ ਕੰਹਿਦਿਆਂ ਸੁਣਦੇ ਹਾਂ, ''ਆਫ਼ਤ ਫ਼ਲਿਸਤੀਨ ਦੇ ਉੱਤਰ ਵੱਲੋਂ ਹੋ ਕੇ ਤੇਜੀ ਨਾਲ ਦੱਖਣ ਵਲ ਫੈਲ ਗਈ।'' ਅਸੀਂ ਫੇਰ ਸਕ੍ਰੀਨ ਵੱਲ ਵੇਖਦੇ ਹਾਂ। ਇਕ ਨਕਸ਼ੇ ਰਾਹੀਂ ਆਫ਼ਤ ਦੇ ਅੱਗੇ ਵਧਣ ਨੂੰ ਵਿਖਾਇਆ ਗਿਆ ਹੈ। ਵਾਚਕ ਆਖਦਾ ਹੈ: ''ਸ਼ਹਿਰ ਵਿਚ ਮੌਤ ਦੇ ਪਹੁੰਚਣ ਨੂੰ ਦੇਰ ਨਹੀਂ ਲੱਗੇਗੀ।'' ਇਕ ਤੀਰ ਨਾਲ ਯਰੂਸ਼ਲਮ ਵੱਲ ਇਸ਼ਾਰਾ ਕੀਤਾ ਜਾਂਦਾ ਹੈ। ਸਾਨੂੰ ਯਰੂਸ਼ਲਮ ਵੱਲ ਲਿਜਾਇਆ ਜਾਂਦਾ ਹੈ।

ਦਾਊਦ, ਹੋਰ ਕਈ ਬਜ਼ੁਰਗ, ਟਾਟ ਪਹਿਨੇ, ਸਿਰ ਵਿਚ ਸੁਆਹ ਸੁੱਟੀ, ਤੰਬੂ ਦੇ ਸਾਹਮਣੇ ਝੁਕੇ ਹੋਏ ਹਨ, ਜਿਸ ਵਿਚ ਸੰਦੂਕ ਸੀ। ਇਕ ਦੂਤ ਨੱਸ ਕੇ ਬਾਦਸ਼ਾਹ ਨੂੰ ਦੱਸਦਾ ਹੈ, ''ਬੱਦਲ ਆਉਣ ਹੀ ਵਾਲਾ ਹੈ!'' ਦਾਊਦ ਉੱਪਰ ਵੱਲ ਵੇਖਦਾ ਹੈ। ਉਸ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਜਾਂਦੀਆਂ ਹਨ। ਉਹ ਭੈੜੇ, ਸੰਘਣੇ ਬੱਦਲ ਉੱਤਰੀ ਅਕਾਸ਼ ਨੂੰ ਘੇਰ ਲੈਂਦੇ ਹਨ। ਧੁੰਦਲੇ ਚੱਕਰਵਾਤ ਵਿਚ ਇਕ ਰੂਪ ਅਕਾਰ ਲੈਂਦਾ ਹੈ: ''ਯਹੋਵਾਹ ਦਾ ਦੂਤ ਹੱਥ ਵਿਚ ਖਿੱਚੀ ਹੋਈ ਅਤੇ ਯਰੂਸ਼ਲਮ ਦੇ ਉੱਪਰ ਵਧਾਈ ਇਕ ਤਲਵਾਰ ਲਏ ਹੋਏ ਅਸਮਾਨ ਦੇ ਵਿਚ ਖੜਾ ਹੈ'' (1 ਇਤਿਹਾਸ 21:16)! ਦਾਊਦ ਮੂੰਹ ਭਾਰ ਡਿੱਗ ਕੇ ਚੀਕਦਾ ਹੈ, ''ਮਰਦਮਸ਼ੁਮਾਰੀ ਦਾ ਹੁਕਮ ਦੇ ਕੇ ਪਾਪ ਕਰਨ ਵਾਲਾ ਮੈਂ ਹੀ ਹਾਂ, ... ਹੇ ਮੇਰੇ ਪਰਮੇਸ਼ੁਰ ਯਹੋਵਾਹ! ਮੈਨੂੰ ਅਤੇ ਮੇਰੇ ਪਰਿਵਾਰ ਨੂੰ ਖਤਮ ਕਰ ਦੇ, ਪਰ ਆਪਣੇ ਲੋਕਾਂ ਨੂੰ ਨਾ ਮਾਰੀਂ'' (1 ਇਤਿਹਾਸ 21:17; LB)।

ਉਹੀ ਆਦਮੀ ਜਿਹੜਾ ਖ਼ੁਦਾ ਦਾ ਦੂਤ ਬਣ ਕੇ ਆਇਆ ਸੀ, ਸਾਹਮਣੇ ਆਉਂਦਾ ਹੈ। ਉਹ ਆਖਦਾ ਹੈ, ''ਜਾ,'' ''ਯਬੂਸੀ ਅਰਨਵਾਹ[26] ਦੇ ਪਿੜ ਵਿਚ ਯਹੋਵਾਹ ਦੇ ਲਈ ਇਕ ਜਗਵੇਦੀ ਬਣਾ'' (2 ਸਮੂਏਲ 24:18)।[27] ਇਕ ਤੀਰ ਨਾਲ ਉਸ ਥਾਂ ਵੱਲ ਸੰਕੇਤ ਕਰਦੇ ਹੋਏ, ਸਕ੍ਰੀਨ ਤੇ ਯਰੂਸ਼ਲਮ ਦਾ ਨਕਸ਼ਾ ਵਿਖਾਇਆ ਜਾਂਦਾ ਹੈ। ਵਾਚਕ ਸਮਝਾਉਂਦਾ ਹੈ: ''ਪਿੜ ਸ਼ਹਿਰਪਨਾਹ ਦੇ ਉੱਤਰ ਵੱਲ ਸੀ। ਯਰੂਸ਼ਲਮ ਦਾ ਭਵਿੱਖ ਵਿਚ ਅਟਕਿਆ ਹੋਇਆ ਸੀ। ਮਿੰਟਾਂ ਵਿਚ ਹਜ਼ਾਰਾਂ ਲੋਕ ਮਾਰੇ ਜਾਣੇ ਸਨ। ਬਾਦਸ਼ਾਹ ਛੇਤੀ ਨਾਲ ਉਸ ਇਲਾਕੇ ਵਿਚ ਚਲਿਆ ਗਿਆ।''

ਦ੍ਰਿਸ਼ ਵਿਚ ਘੱਟੇ ਅਤੇ ਤੂੜੀ ਨਾਲ ਲਿੱਬੜਿਆ ਇਕ ਬਜ਼ੁਰਗ, ਚਾਰ ਜਵਾਨਾਂ ਦੀ ਮਦਦ ਨਾਲ ਕਣਕ ਕੱਢ ਰਿਹਾ ਹੈ (1 ਸਮੂਏਲ 21:20)। ਉਹ ਬੱਦਲਾਂ ਨੂੰ ਵੇਖ ਕੇ ਆਪਣੇ ਬਲਦਾਂ ਨੂੰ ਛੇਤੀ ਛੇਤੀ ਕੰਮ ਕਰਨ ਲਈ ਹੁੱਜ ਮਾਰਦਾ ਹੈ।

ਦਾਊਦ ਅਤੇ ਟਾਟ ਪਹਿਨੇ ਹੋਏ ਉਸ ਦੇ ਸਾਥੀ ਦ੍ਰਿਸ਼ ਵਿਚ ਆ ਜਾਂਦੇ ਹਨ। ਕਣਕ ਛੱਟਣ ਵਾਲਾ ਆਦਮੀ ਨੱਸ ਕੇ ਬਾਦਸ਼ਾਹ ਨੂੰ ਮਿਲਣ ਆਉਂਦਾ ਹੈ, ਉਸ ਦੇ ਅੱਗੇ ਡਿਗਦੇ ਹੋਏ ਪੁੱਛਦਾ ਹੈ, ''ਮਹਾਰਾਜ ਮੇਰਾ ਬਾਦਸ਼ਾਹ ਆਪਣੇ ਟਹਿਲੂਏ ਕੋਲ ਕਿਉਂ ਆਇਆ?'' (2 ਸਮੂਏਲ 24:21)।

ਦਾਊਦ ਜਵਾਬ ਦਿੰਦਾ ਹੈ, ''ਇਹ ਪਿੜ ਮੈਂ ਤੇਰੇ ਕੋਲੋਂ ਮੁੱਲ ਲਵਾਂ ਭਈ ਯਹੋਵਾਹ ਦੀ ਇਕ ਜਗਵੇਦੀ ਬਣਾਵਾਂ''; ''ਮੈਥੋਂ ਇਸ ਦਾ ਪੂਰਾ ਮੁੱਲ ਲੈ ਕੇ ਮੈਨੂੰ ਦੇਹ ਤਾਂ ਲੋਕਾਂ ਸਿਰ ਉੱਤੋਂ ਇਹ ਬਵਾ ਹਟ ਜਾਵੇ'' (2 ਸਮੂਏਲ 24:21; 1 ਇਤਿਹਾਸ 21:22)।

ਉਹ ਆਦਮੀ ਮੂੰਹ ਚੁੱਕ ਕੇ ਵੇਖਦਾ ਹੈ ਕਿ ਫ਼ਰਿਸ਼ਤਾ ਤਲਵਾਰ ਲਈ ਉਨ੍ਹਾਂ ਦੇ ਉੱਪਰ ਘੁੰਮ ਰਿਹਾ ਹੈ (1 ਇਤਿਹਾਸ 21:20)। ਕੰਬਦੀ ਅਵਾਜ਼ ਨਾਲ, ਉਹ ਕਹਿੰਦਾ ਹੈ, ''ਮੇਰਾ ਮਹਾਰਾਜ ਬਾਦਸ਼ਾਹ ਜੋ ਕੁਝ ਭੇਟ ਕਰਨ ਲਈ ਉਸ ਦੀ ਨਿਗਾਹ ਵਿਚ ਚੰਗਾ ਹੋਵੇ ਸੋ ਲਵੇ... ਇਹ ਸਭ ਕੁਝ ਹੇ ਰਾਜਨ,

ਅਰਵਨਾਹ ਨੇ ਬਾਦਸ਼ਾਹ ਨੂੰ ਦੇ ਦਿੱਤਾ'' (2 ਸਮੂਏਲ 24:22, 23)। ਦਾਊਦ ਸਿਰ ਹਿਲਾ ਦਿੰਦਾ ਹੈ। ''ਐਉਂ ਨਹੀਂ, ਪਰ ਮੈਂ ਤੈਨੂੰ ਮੁੱਲ ਦੇ ਕੇ ਉਹ ਪਿੜ ਲਵਾਂਗਾ ਅਤੇ ਯਹੋਵਾਹ ਦੇ ਲਈ ਅਜਿਹੀ ਭੇਟ ਨਾ ਚੜ੍ਹਾਵਾਂਗਾ ਜਿਹਦੇ ਉੱਤੇ ਮੇਰਾ ਕੁਝ ਮੁੱਲ ਨਾ ਲੱਗਾ ਹੋਵੇ'' (2 ਸਮੂਏਲ 24:24)। ਸੌਦਾ ਹੋ ਜਾਂਦਾ ਹੈ, ਮੁੱਲ ਚੁਕਾ ਦਿੱਤਾ ਜਾਂਦਾ ਹੈ।[28]

ਨਜ਼ਾਰਾ ਬਦਲ ਜਾਂਦਾ ਹੈ। ਦਾਊਦ ਮਿੱਟੀ ਅਤੇ ਪੱਥਰਾਂ ਦੀ ਬਣੀ ਇਕ ਜਗਵੇਦੀ ਦੇ ਸਾਹਮਣੇ ਝੁਕਿਆ ਹੋਇਆ ਹੈ। ਵੇਦੀ ਉੱਤੇ ਅੱਗ ਦੀਆਂ ਲਪਟਾਂ ਵਿਚ ਇਕ ਬਲਦ ਦੀ ਸੁਆਹ ਹੈ। ਅਚਾਨਕ ਅਸਮਾਨ ਤੋਂ ਅੱਗ ਡਿੱਗਦੀ ਹੈ ਅਤੇ ਕੁਰਬਾਨੀ ਨੂੰ ਚੁੱਕ ਲੈਂਦੀ ਹੈ।[29] ਦਾਊਦ ਉੱਪਰ ਨੂੰ ਵੇਖਦਾ ਹੈ, ਫ਼ਰਿਸ਼ਤਾ ਆਪਣੀ ਤਲਵਾਰ ਮਿਆਨ ਵਿਚ ਰੱਖ ਲੈਂਦਾ ਹੈ ਅਤੇ ਗਾਇਬ ਹੋ ਜਾਂਦਾ ਹੈ (1 ਇਤਿਹਾਸ 21:27, 28)। ਬੱਦਲ ਉੱਡਣ ਲਗਦੇ ਹਨ, ਅਤੇ ਧੁੱਪ ਚਮਕਣ ਲਗ ਪੈਂਦੀ ਹੈ। ਸਾਨੂੰ ਵਾਚਕ ਦੀ ਅਵਾਜ਼ ਸੁਣਾਈ ਦਿੰਦੀ ਹੈ: ''ਇਸ ਤਰ੍ਹਾਂ ਵੱਡੀ ਮੁਸੀਬਤ ਟਲ ਗਈ, ਪਰ 70,000 ਲੋਕ ਮਾਰੇ ਗਏ! ਇਹ ਇਸਰਾਏਲ ਦੇ ਲੰਬੇ ਇਤਿਹਾਸ ਵਿਚ ਸਭ ਤੋਂ ਵੱਡੀ ਆਫ਼ਤ ਸੀ!''

ਕੈਮਰਾ ਸਾਨੂੰ ਸਟੂਡੀਓ ਵਿਚ ਵਾਪਸ ਲੈ ਜਾਂਦਾ ਹੈ। ਗੰਭੀਰ ਊਰਾ ਬੋਲ ਰਿਹਾ ਹੈ। ''ਸਾਫ਼ ਸਾਫ਼ ਕਹੀਏ ਤਾਂ ਇਸ ਕਹਾਣੀ ਵਿਚ ਬਹੁਤ ਸਾਰੀਆਂ ਪਹੇਲੀਆਂ ਹਨ। ਇੱਥੋਂ ਤਕ ਕਿ ਸ਼ਰ੍ਹਾ ਨੂੰ ਸਿਖਾਉਣ ਵਾਲੇ ਵੀ ਇਸ ਨਾਲ ਸਹਿਮਤ ਨਹੀਂ ਹਨ ਕਿ ਦਾਊਦ ਨੇ ਗਿਣਤੀ ਕਰਨੀ ਕਿਉਂ ਚਾਹੀ ਅਤੇ ਇਹ ਪਾਪ ਕਿਵੇਂ ਸੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਦਾਊਦ ਦੇ ਮਨ ਵਿਚ ਟੈਕਸ ਲਾਉਣ ਦਾ ... ਜਾਂ ਫ਼ੌਜ ਵਿਚ ਜਬਰੀ ਭਰਤੀ ਕਰਨ ਦਾ ... ਜਾਂ ਭਵਨ ਨਿਰਮਾਣ ਦੇ ਆਪਣੇ ਕਾਰਜਾਂ ਵਿਚ ਬੇਗ਼ਾਰ ਕਰਾਉਣ ਦਾ ਵਿਚਾਰ ਸੀ।''[30]

ਈਮਾ ਉਬਾਸੀ ਲੈਂਦਾ ਹੈ। ''ਕੌਣ ਪਰਵਾਹ ਕਰਦਾ ਹੈ? ਦਾਊਦ ਦੇ ਪਾਪ ਕਰਨ ਨਾਲ ਹੀ 70,000 ਲੋਕ ਮਾਰੇ ਗਏ!''

ਊਰਾ ਹੈਰਾਨ ਲਗਦਾ ਹੈ। ''ਪਰ ਖ਼ੁਦਾ ਨੇ ਉਸ ਨੂੰ ਮਾਫ਼ ਕਰ ਦਿੱਤਾ। ਤੁਸੀਂ ਕਿਉਂ ਨਹੀਂ ਕਰ ਸਕਦੇ?''

ਈਮਾ ਢੀਠ ਹੋਇਆ ਲਗਦਾ ਹੈ। ''ਕੁਝ ਗਾਵਾਂ ਕੱਟ ਕੇ ਤੁਸੀਂ 70,000 ਲੋਕਾਂ ਦੀ ਮੌਤ ਨੂੰ ਕਾਲੀਨ ਦੇ ਹੇਠਾਂ ਨਹੀਂ ਲੁਕਾ ਸਕਦੇ। ਅੰਗੂਠੇ ਹੇਠਾਂ!''

## ਬਚ ਜਾਣ ਵਾਲੇ (1 ਇਤਿਹਾਸ 22:1-27:34)[31]

ਕੈਮਰਾ ਹੁਣ ਵਾਚਕ ਉੱਤੇ ਪੈਂਦਾ ਹੈ। ''ਦਾਊਦ ਨੇ ਅਰਵਨਾਹ ਦੇ ਖੇਤ ਵਿਚ ਹੋਣ ਵਾਲੀ ਘਟਨਾ ਨੂੰ ਖ਼ੁਦਾ ਦੀ ਕਿਰਪਾ ਦੇ ਜ਼ਬਰਦਸਤ ਵਿਖਾਵੇ ਦੇ ਰੂਪ ਵਿਚ ਅਤੇ ਖ਼ੁਦਾ ਦੇ ਆਉਣ ਵਾਲੇ ਪ੍ਰਭਾਵ ਭਾਵ ਖ਼ੁਦਾ ਨਾਲ ਮੇਲ ਦੀ ਥਾਂ ਦੇ ਰੂਪ ਵਿਚ ਵੇਖਿਆ। ਖ਼ੁਦਾ ਨੇ ਬਾਦਸ਼ਾਹ ਨਾਲ ਗੱਲ ਕੀਤੀ ਸੀ। ਇਹੀ ਉਹ ਥਾਂ ਹੈ, ਇੱਥੇ ਹੈਕਲ ਬਣਾਈ ਜਾਵੇਗੀ।''

ਸਕ੍ਰੀਨ ਸਾਨੂੰ ਅਰਵਨਾਹ ਦੇ ਪਿੜ ਵਿਚ ਲੈ ਚੱਲਦੀ ਹੈ। ਦਾਊਦ ਆਪਣੇ ਪੈਰਾਂ ਤੇ ਖੜਾ ਹੋ ਕੇ ਭਰੇ ਹੋਏ ਗਲੇ ਨਾਲ ਆਖਦਾ ਹੈ, ''ਯਹੋਵਾ ਪਰਮੇਸ਼ੁਰ ਦਾ ਘਰ ਇਹੀ ਹੈ।'' ਉਹ ਉਸ ਥਾਂ ਵੱਲ ਇਸ਼ਾਰਾ ਕਰਦਾ ਹੈ, ਇੱਥੇ ਕੁਰਬਾਨੀ ਦਿੱਤੀ ਗਈ ਹੈ। ''ਅਤੇ ਇਸਰਾਏਲ ਲਈ ਹੋਮ ਦੀ ਜਗਵੇਦੀ ਇਹੀ ਹੈ'' (1 ਇਤਿਹਾਸ 22:1)।

ਅਗਲੇ ਦ੍ਰਿਸ਼ ਵਿਚ ਅਸੀਂ ਦਾਊਦ ਨੂੰ ਸਮੱਗਰੀ ਭਾਵ ਢੇਰ ਸਾਰਾ ਸੋਨਾ, ਚਾਂਦੀ, ਲੋਹਾ ਅਤੇ ਪਿੱਤਲ, ''ਬੇਸ਼ੁਮਾਰ'' ਦਿਆਰ ਦੇ ਰੁੱਖ ਅਤੇ ਵੱਡੇ ਵੱਡੇ ਪੱਥਰ ਇਕੱਠੇ ਕਰਦੇ ਵੇਖਦੇ ਹਾਂ। ਵਾਚਕ ਦੀ ਅਵਾਜ਼ ਆਉਂਦੀ ਹੈ, ''ਦਾਊਦ ਦੀ ਇਕ ਵੱਡੀ ਨਿਰਾਸ਼ਾ ਇਹ ਸੀ ਕਿ ਖ਼ੁਦਾ ਨੇ ਉਸ ਨੂੰ ਸੰਦੂਕ ਲਈ ਸਥਾਈ ਭਵਨ ਬਣਾਉਣ ਦਾ ਹੁਕਮ ਨਹੀਂ ਦਿੱਤਾ। ਦਾਊਦ ਨੇ ਆਪਣਾ ਸੁਪਨਾ ਆਪਣੇ ਪੁੱਤਰ

ਅਤੇ ਦੇਸ਼ ਦੇ ਆਗੂਆਂ ਨੂੰ ਦੱਸਿਆ।'' ਦਾਊਦ ਉਸ ਦੇ ਮੋਢੇ ਉੱਤੇ ਹੱਥ ਰੱਖਦਾ ਹੋਇਆ ਆਖਦਾ ਹੈ:

> ਮੇਰੇ ਪੁੱਤਰ! ਮੈਂ, ਹਾਂ, ਮੈਂ ਆਪਣੇ ਮਨ ਵਿਚ ਇਹ ਕਲਪਨਾ ਕੀਤੀ ਸੀ ਭਈ ਮੈਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਲਈ ਇਕ ਭਵਨ ਬਣਾਵਾਂ। ਪਰ ਯਹੋਵਾਹ ਦੀ ਬਾਣੀ ਮੇਰੇ ਮਨ ਵਿਚ ਇਸ ਪ੍ਰਕਾਰ ਆਈ, ਭਈ ਤੂੰ ਟੇਡਾ ਵੱਡਾ ਲਹੂ ਵਹਾਇਆ ਹੈ ਅਤੇ ਏਡੀਆਂ ਵੱਡੀਆਂ ਲੜਾਈਆਂ ਮਾਰੀਆਂ ਹਨ, ਤੂੰ ਮੇਰੇ ਨਾਮ ਦੇ ਲਈ ਕੋਈ ਭਵਨ ਨਾ ਬਣਾਵੇਂਗਾ, ... ਵੇਖ, ਤੇਰੇ ਘਰ ਇਕ ਪੁੱਤਰ ਜੰਮੇਗਾ ਜੋ ਸਮਤਾ ਵਾਲਾ ਹੋਵੇਗਾ ਅਰ ਮੈਂ ਉਸ ਨੂੰ ... ਅਰਾਮ ਦਿਆਂਗਾ ਕਿਉਂ ਜੋ ਉਹ ਦਾ ਨਾਉਂ ਸੁਲੇਮਾਨ [ਜਾਂ, ਸ਼ਾਂਤ] ਹੋਵੇਗਾ ... ਉਹ ਮੇਰੇ ਨਾਮ ਦੇ ਲਈ ਇਕ ਭਵਨ ਬਣਾਏਗਾ ... (1 ਇਤਿਹਾਸ 22:7−10)।

ਦ੍ਰਿਸ਼ ਬਦਲ ਕੇ ਦਰਬਾਰ ਵਿਚ ਚਲਿਆ ਜਾਂਦਾ ਹੈ। ਦਾਊਦ ਦੇ ਵਾਲ ਝੜ ਰਹੇ ਹਨ; ਉਸ ਦੀ ਦਾੜ੍ਹੀ ਛੋਟੀ ਹੋ ਗਈ ਲਗਦੀ ਹੈ। ਦਾਊਦ ਦੇ ਤਖ਼ਤ ਦੇ ਸੱਜੇ ਪਾਸੇ ਇਕ ਦੂਜਾ ਤਖ਼ਤ ਰੱਖਿਆ ਗਿਆ ਹੈ। ਬਾਦਸ਼ਾਹ ਦੇ ਸਾਹਮਣੇ ਸੁਲੇਮਾਨ ਹੈ। ਕਈ ਯਾਜਕਾਂ ਨਾਲ ਦੂਜੇ ਲੋਕ ਹਨ। ਵਾਚਕ ਟਿੱਪਣੀ ਕਰਦਾ ਹੈ, ''ਬੁੱਢਾ ਹੋਣ ਤੇ ਦਾਊਦ ਨੇ ਅਗਲੇ ਰਾਜੇ ਦੇ ਰੂਪ ਵਿਚ ਸੁਲੇਮਾਨ ਨੂੰ ਮਸਹ ਕਰ ਦਿੱਤਾ।''[32] ਇਕ ਨਿੱਜੀ ਸਮਾਰੋਹ ਵਿਚ ਦਾਊਦ ਸੁਲੇਮਾਨ ਨੂੰ ਗੋਡਿਆਂ ਭਾਰ ਹੋਣ ਲਈ ਆਖਦਾ ਹੈ। ਇਕ ਯਾਜਕ ਸੁਲੇਮਾਨ ਦੇ ਸਿਰ ਉੱਤੇ ਤੇਲ ਡੋਲ੍ਹਦਾ ਹੈ। ਸੁਲੇਮਾਨ ਆਪਣੇ ਪਿਤਾ ਦੇ ਨਾਲ ਤਖ਼ਤ ਤੇ ਬੈਠਦਾ ਹੈ।

ਵਾਚਕ ਟਿੱਪਣੀ ਕਰਦਾ ਹੈ, ''ਇਸ ਦੇ ਬਾਅਦ ਸੁਲੇਮਾਨ ਹੈਕਲ ਦੀ ਯੋਜਨਾ ਅਤੇ ਤਿਆਰੀ ਅਤੇ ਹੈਕਲ ਦੀ ਮੁਰੰਮਤ ਅਤੇ ਸੇਵਾ ਲਈ ਜ਼ਰੂਰੀ ਪ੍ਰਬੰਧ ਵਿਚ ਭਾਗ ਲੈਣ ਲਗਦਾ ਹੈ।'' ਦਾਊਦ ਅਤੇ ਸੁਲੇਮਾਨ ਦੇ ਪੱਥਰਾਂ ਦੇ ਗੁਦਾਮ ਅਤੇ ਸਿੰਘਾਸਣ ਵਾਲੇ ਕਮਰੇ ਵਿਚ ਦਸਤਾਵੇਜ਼ਾਂ ਤੇ ਵਿਚਾਰ ਕਰਕੇ ਨਾਲ ਨਾਲ ਵਿਖਾਇਆ ਗਿਆ ਹੈ।

ਸਟੂਡੀਓ ਵਿਚ ਪਰਤ ਕੇ ਆਸੀਂ ਈਮਾ ਨੂੰ ਊਰਾ ਨੂੰ ਇਹ ਕਹਿੰਦਿਆਂ ਹੋਏ ਸੁਣਦੇ ਹਾਂ: ''ਮੈਨੂੰ ਨਾ ਦੱਸੋ! ਮੈਨੂੰ ਨਾ ਦੱਸੋ! ਦਾਊਦ ਦੀ ਸਿਫ਼ਤ ਇਸ ਲਈ ਕੀਤੀ ਜਾਂਦੀ ਹੈ ਕਿ ਖ਼ੁਦਾ ਦੇ 'ਨਾਂਹ' ਕਹਿਣ ਦੇ ਬਾਵਜੂਦ ਉਸ ਨੇ ਉਸ ਦੀ ਸੇਵਾ ਦੀ ਗੱਲ ਨਹੀਂ ਛੱਡੀ। ਨਿੱਜੀ ਤੌਰ ਤੇ ਮੈਨੂੰ ਲਗਦਾ ਹੈ ਕਿ ਹੈਕਲ ਅੱਧੀ ਤਾਂ ਬਣ ਹੀ ਚੁਕੀ ਸੀ।''

## ਵਿਰਸਾ ਪ੍ਰਾਪਤੀ (1 ਰਾਜਿਆਂ 1:1-53; 1 ਇਤਿਹਾਸ 28:1-29:25)[33]

ਦੰਦਾਂ ਵਾਲਾ ਆਦਮੀ ਸਕ੍ਰੀਨ ਤੇ ਫੇਰ ਆਉਂਦਾ ਹੈ। ਕਮਰੇ ਦੇ ਬਾਹਰ ਨਿਕਲਦੇ ਹੋਏ ਅਸੀਂ ਉਸ ਨੂੰ ਸੁਣਦੇ ਹਾਂ, ''ਅਰਵਨਾਹ ਦੇ ਪਿੜ ਵਿਚ ਕਈ ਖ਼ੂਬਸੂਰਤ ਪੱਥਰ ਅਜੇ ਵੀ ਪਏ ਹਨ। ਛੇਤੀ ਬਣਨ ਵਾਲੀ ਹੈਕਲ ਨੂੰ ਧਿਆਨ ਵਿਚ ਰੱਖ ਕੇ ਤੁਸੀਂ ਆਪਣਾ ਘਰ ਬਣਾ ਸਕਦੇ ਹੋ।''

ਸਾਡੇ ਵਾਪਸ ਆਉਣ ਤੇ ਵਾਚਕ ਬੋਲ ਰਿਹਾ ਹੁੰਦਾ ਹੈ। ਉਹ ਗੰਭੀਰਤਾ ਨਾਲ ਕਹਿੰਦਾ ਹੈ, ''ਹੁਣ ਅਸੀਂ ਬਾਦਸ਼ਾਹ ਦੇ ਆਖ਼ਰੀ ਦਿਨਾਂ ਤਕ ਆ ਗਏ ਹਾਂ ਉਹ ਦੀ ਸਿਹਤ ਖਰਾਬ ਰਹਿਣ ਲੱਗੀ ਹੈ, ਪਰ ਉਸ ਦਾ ਵਿਸ਼ਵਾਸ ਮਜ਼ਬੂਤ ਬਣਿਆ ਰਿਹਾ।'' ਦਾਊਦ ਦੇ ਇਕ ਜ਼ਬੂਰ ਦੇ ਸ਼ਬਦ ਵਿਖਾਏ ਜਾਂਦੇ ਹਨ: ''ਮੈਂ ਬੱਚਾ ਸਾਂ ਹੁਣ ਬੱਢਾ ਹਾਂ; ਪਰ ਨਸਲ ਸਾਦਿਕ ਦੀ ਨਾ ਕਦੀ ਵੇਖੀ ਹੈ ਲਾਚਾਰ ਤੇ ਟੁੱਕਰ ਮੰਗਦੀ ਵੀ'' (ਜ਼ਬੂਰ 37:25)।

ਸਾਨੂੰ ਬਾਦਸ਼ਾਹ ਦੀ ਅਰਾਮਗਾਹ ਵਿਚ ਲਿਜਾਇਆ ਜਾਂਦਾ ਹੈ। ਪਲੰਘ ਉੱਚੇ ਉੱਚੇ ਹਨ ਪਰ ਦਾਊਦ, ਉਮਰ ਮੁਤਾਬਕ ਢਲ ਚੁੱਕਾ ਹੈ, ਅਤੇ ਕਮਜ਼ੋਰ ਪੈ ਗਿਆ ਹੈ, ਕੰਬਦਾ ਕੰਬਦਾ ਉਹ ਪਲੰਘ ਨੂੰ ਹਿਲਾ ਰਿਹਾ ਹੈ। ਵਾਚਕ ਆਖਦਾ ਹੈ, ''ਮੌਤ ਦੇ ਨਜ਼ਦੀਕ ਆਉਣ ਤੇ ਬਾਦਸ਼ਾਹ ਬੀਮਾਰ ਪੈ ਗਿਆ ਹੈ ਅਤੇ ਉਸ ਨੂੰ ਠੰਡ ਲਗ ਗਈ। ਖ਼ੂਬਸੂਰਤ ਅਬੀਸ਼ਗ ਸ਼ੂਨਮੀ[34] ਨੂੰ ਬਾਦਸ਼ਾਹ ਦੀ ਨਿੱਜੀ ਦੇਖਭਾਲ

ਅਤੇ ਗਰਮਾਇਸ਼ ਦੇਣ ਲਈ[35] ਉਸ ਦੇ ਹਰਮ (ਜਨਾਨਖਾਨੇ) ਵਿਚ ਸ਼ਾਮਿਲ ਕੀਤਾ ਜਾਂਦਾ ਹੈ।[36] ਇਸ ਹਸੀਨ ਦਾਸੀ ਨੂੰ ਖਾਬਗਾਹ ਵਿਚ ਲਿਜਾਇਆ ਜਾਂਦਾ ਹੈ। ਜਦ ਉਹ ਬਾਦਸ਼ਾਹ ਨੂੰ ਖਾਣਾ ਖੁਆ ਰਹੀ ਸੀ ਤਾਂ ਵਾਚਕ ਕਹਿਣ ਲੱਗਾ: ''ਦਾਊਦ ਨੇ ਬਾਦਸ਼ਾਹ ਵਾਲੇ ਹੱਕ ਤਾਂ ਪਹਿਲਾਂ ਹੀ ਸੁਲੇਮਾਨ ਨੂੰ ਦੇ ਦਿੱਤੇ ਸਨ। ਬੇਸ਼ੱਕ ਉਸ ਨੂੰ ਲਗਦਾ ਸੀ ਕਿ ਉਹ ਆਪਣੇ ਆਖਰੀ ਦਿਨ ਅਬੀਸ਼ਗ ਦੇ ਨਾਲ ਮਜ਼ੇ ਵਿਚ ਗੁਜਾਰੇਗਾ। ਪਰ ਅਜਿਹਾ ਨਹੀਂ ਹੋਇਆ।''

ਦ੍ਰਿਸ਼ ਬਦਲ ਕੇ ਸ਼ਾਹੀ ਠਾਠਬਾਠ ਵਿਚ ਰਥ ਵਿਚ ਸਵਾਰ ਇਕ ਸੋਹਣੇ ਨੌਜਵਾਨ ਵੱਲ ਆ ਜਾਂਦਾ ਹੈ, ਜਿਸ ਦੀ ਉਮਰ ਤੀਹ ਤੋਂ ਉੱਪਰ ਹੈ। ਰਥ ਨਾਲ ਦਰਜਣਾਂ ਹੱਟੇ ਕੱਟੇ ਜਵਾਨ ਹਨ। ''ਜਦ ਇਹ ਸਾਫ਼ ਹੋ ਗਿਆ ਕਿ ਦਾਊਦ ਬਹੁਤੀ ਦੇ ਤਕ ਜ਼ਿੰਦਾ ਨਹੀਂ ਰਹੇਗਾ ਤਾਂ ਉਸ ਦੇ ਪੁੱਤਰ ਅਦੋਨੀਯਾਹ ਨੇ ਗੱਦੀ ਤੇ ਬੈਠਣ ਦੀ ਕੋਸ਼ਿਸ਼ ਕੀਤੀ। ਦਾਊਦ ਨੇ ਪਹਿਲਾਂ ਹੀ ਸੁਲੇਮਾਨ ਨੂੰ ਆਪਣੀ ਪਸੰਦ ਬਣਾ ਲਿਆ ਸੀ,[37] ਪਰ ਇਸ ਨਾਲ ਅਦੋਨੀਯਾਹ ਨੂੰ ਕੋਈ ਫ਼ਰਕ ਨਹੀਂ ਪਿਆ। ਉਹ ਦਾਊਦ ਦਾ ਜ਼ਿੰਦਾ, ਸਭ ਤੋਂ ਵੱਡਾ ਬੇਟਾ ਸੀ[38] ਅਤੇ ਉਸ ਨੂੰ ਲੱਗਾ ਕਿ ਬਾਦਸ਼ਾਹ ਉਸ ਨੂੰ ਬਣਨਾ ਚਾਹੀਦਾ ਹੈ।[39]

ਅਦੋਨੀਯਾਹ ਨੂੰ ਦੋ ਜਣਿਆਂ ਨਾਲ ਗੱਲ ਕਰਦਿਆਂ ਵਿਖਾਇਆ ਜਾਂਦਾ ਹੈ। ਇਕ ਤਾਂ ਉਹ ਖੂੰਖਾਰ ਬਜ਼ੁਰਗ ਯੋਧਾ ਹੈ, ਜਿਸ ਨੂੰ ਅਸੀਂ ਪਹਿਲਾਂ ਵੇਖਿਆ ਹੈ। ਦੂਜਾ ਇਕ ਯਾਜਕ ਵਾਲਾ ਲਿਬਾਸ ਪਹਿਨੇ ਹੋਏ ਹੈ। ਵਾਚਕ ਅੱਗੇ ਆਖਦਾ ਹੈ: ''ਅਦੋਨੀਯਾਹ ਨੇ ਦੇਸ਼ ਦੀਆਂ ਇਨ੍ਹਾਂ ਦੋ ਪ੍ਰਸਿੱਧ ਹਸਤੀਆਂ, ਫ਼ੌਜ ਦੇ ਜਰਨੈਲ ਯੋਆਬ ਅਤੇ ਮਹਾਯਾਜਕ ਅਬਯਾਥਾਰ ਦੀ ਮਦਦ ਮੰਗੀ।[40] ਜਦ ਅਦੋਨੀਯਾਹ ਨੂੰ ਲੱਗਾ ਕਿ ਸਹੀ ਸਮਾਂ ਆ ਗਿਆ ਹੈ ਤਾਂ ਉਸ ਨੇ ਕਿਦਰੋਨ ਦੀ ਘਾਟੀ ਵਿਚ ਏਨ-ਰੋਗੇਲ[41] ਨਾਮਕ ਥਾਂ ਵਿਚ ਆਪਣੇ ਹਮਾਇਤੀਆਂ ਲਈ ਬਹੁਤ ਵੱਡੀ ਦਾਅਵਤ ਦਿੱਤੀ।''[42]

ਦ੍ਰਿਸ਼ ਬਦਲ ਕੇ ਵਗਦੇ ਝਰਨੇ ਕੋਲ ਇਕ ਹਰੀ ਘਾਟੀ ਵਿਚ ਚਲਿਆ ਜਾਂਦਾ ਹੈ। ਪਿੱਠਭੂਮੀ ਵਿਚ ਯਰੂਸ਼ਲਮ ਦੀ ਸ਼ਹਿਰਪਨਾਹ ਵਿਖਾਈ ਦੇ ਰਹੀ ਹੈ। ਖਾਣੇ ਨਾਲ ਭਰੇ ਲੰਮੇ ਮੇਜ਼ਾਂ ਦੇ ਆਲੇ ਦੁਆਲੇ ਹੱਸਦੇ ਹੋਏ ਲੋਕ ਖਾ ਰਹੇ ਹਨ। ਅਦੋਨੀਯਾਹ ਅਤੇ ਯਾਜਕ ਦਾ ਲਿਬਾਸ ਪਾਈ ਆਦਮੀ ਇਕ ਉੱਚੀ ਜਗ੍ਹਾ ਤੇ ਚਲੇ ਜਾਂਦੇ ਹਨ। ਅਦੋਨੀਯਾਹ ਝੁਕਦਾ ਹੈ ਅਤੇ ਯਾਜਕ ਉਸ ਦੇ ਸਿਰ ਉੱਤੇ ਤੇਲ ਡੋਲ੍ਹਦਾ ਹੈ। ਸਭ ਲੋਕ ਪੁਕਾਰ ਉੱਠਦੇ ਹਨ, ''ਬਾਦਸ਼ਾਹ ਅਦੋਨੀਯਾਹ ਜਿਊਂਦਾ ਰਹੇ!'' (1 ਰਾਜਿਆਂ 1:25)।

ਸਕ੍ਰੀਨ ਤੇ ਤਸਵੀਰ ਮਹਿਲ ਦੇ ਕਮਰੇ ਵਿਚ ਲਿਜਾਂਦੀ ਹੈ। ਖਰਾਬ ਜਿਹੇ ਕੱਪੜੇ ਪਾਈ ਇਕ ਆਦਮੀ ਚਾਲੀ ਪਾਰ ਚੁਕੀ ਇਕ ਖ਼ੂਬਸੂਰਤ ਔਰਤ ਨਾਲ ਗੱਲ ਕਰਦਾ ਹੈ। ਵਾਚਕ ਦੀ ਅਵਾਜ਼ ਕਹਿੰਦੀ ਹੈ, ''ਜਦ ਨਾਥਾਨ ਨਬੀ ਨੇ ਸੁਣਿਆ ਕਿ ਕੀ ਹੋ ਰਿਹਾ ਹੈ ਤਾਂ ਉਹ ਸੁਲੇਮਾਨ ਦੀ ਮਾਂ ਬਥਸ਼ਬਾ ਕੋਲ ਆਇਆ, ਦੋਵੇਂ ਦਾਊਦ ਕੋਲ ਗਏ।''

ਅਸੀਂ ਦਾਊਦ ਦੀ ਖ਼ਾਬਗਾਹ ਵੇਖਦੇ ਹਾਂ। ਅਬੀਸ਼ਗ ਬਿਸਤਰੇ ਤੇ ਪਏ ਬਾਦਸ਼ਾਹ ਲਈ, ਇਕ ਪੱਤਰੇ ਵਿੱਚੋਂ ਪੜ੍ਹ ਰਹੀ ਹੈ। ਬਥਸ਼ਬਾ ਨੱਸ ਕੇ ਕਮਰੇ ਵਿਚ ਆਉਂਦੀ ਹੈ, ਸਿਜਦਾ ਕਰਦੀ ਹੈ, ਫਿਰ ਰੁਮਾਂਚਿਤ ਹੋ ਕੇ ਦਾਊਦ ਨੂੰ ਦੱਸਦੀ ਹੈ ਕਿ ਕੀ ਹੋ ਰਿਹਾ ਹੈ।[43] ਨਾਥਾਨ ਅੰਦਰ ਆਣ ਕੇ ਉਹਦੀ ਕਹਾਣੀ ਉੱਤੇ ਮੋਹਰ ਲਾਉਂਦਾ ਹੈ। ਗੁੱਸੇ ਵਿਚ ਆ ਕੇ, ਦਾਊਦ ਆਖਦਾ ਹੈ, ''ਸਾਦੋਕ ਯਾਜਕ ... ਯਹੋਯਾਦਾ ਦੇ ਪੁੱਤਰ ਬਨਾਯਾਹ ਨੂੰ ਮੇਰੇ ਕੋਲ ਸੱਦੋ'' (1 ਰਾਜਿਆਂ 1:32), ਦੋਵੇਂ ਆਉਂਦੇ ਹਨ। ਕੜ੍ਹਾਕੀ ਅਵਾਜ਼ ਵਿਚ ਦਾਊਦ ਆਖਦਾ ਹੈ:

> ਆਪਣੇ ਮਾਲਕ ਦੇ ਟਹਿਲੂਆਂ ਨੂੰ ਆਪਣੇ ਨਾਲ ਲਓ ਅਤੇ ਮੇਰੇ ਪੁੱਤਰ ਸੁਲੇਮਾਨ ਨੂੰ ਮੇਰੀ ਖੱਚਰ ਉੱਤੇ ਚੜ੍ਹਾਓ ਅਰ ਉਸ ਨੂੰ ਗਿਹੋਨ ਕੋਲ ਲੈ ਜਾਓ। ਉੱਥੇ ਸਾਦੋਕ ਜਾਜਕ ਅਰ ਨਾਥਾਨ ਨਬੀ ਉਸ ਨੂੰ ਮਸਹ ਕਰਕੇ ਇਸਰਾਏਲ ਦਾ ਬਾਦਸ਼ਾਹ ਬਣਾਉਣ ਅਤੇ ਤੁਸੀਂ ਤੁਰਹੀ ਵਜਾ ਕੇ ਆਖੋ, ਸੁਲੇਮਾਨ ਬਾਦਸ਼ਾਹ ਜੀਉਂਦਾ ਰਹੇ (1 ਰਾਜਿਆਂ 1:33, 34)।

ਫਿਰ ਅਸੀਂ ਸੁਲੇਮਾਨ ਨੂੰ ਗਲੀਆਂ ਵਿੱਚੋਂ ਹੁੰਦੇ ਹੋਏ ਦਾਊਦ ਦੇ ਪਹਾੜ ਤੇ ਚੜ੍ਹਦਾ ਵੇਖਦੇ ਹਾਂ। ਸ਼ਾਹੀ ਟੋਲੀ ਵੱਲੋਂ ਸ਼ਹਿਰ ਵਿਚ ਰਸਤਾ ਸਾਫ਼ ਕਰਨ ਤੇ ਉਹ ਉਤਸੁਕਤਾ ਵਧ ਜਾਂਦੀ ਹੈ। ਛੇਤੀ ਹੀ ਪੂਰਾ ਸ਼ਹਿਰ ਪੂਰਵੀ ਫ਼ਾਟਕ ਵੱਲ ਤੁਰ ਆਉਂਦਾ ਹੈ।

ਸੁਲੇਮਾਨ ਸ਼ਹਿਰਪਨਾਹ ਦੇ ਬਾਹਰ ਇਕ ਢਲਾਣ ਦੀ ਉਚਿਆਈ ਤੇ ਖੜਾ ਹੈ। ਉਹ ਗੋਡਿਆਂ ਭਾਰ ਝੁਕਦਾ ਹੈ ਅਤੇ ਇਕ ਸਿੰਗ ਨਾਲ ਉਸ ਦੇ ਸਿਰ ਤੇ ਤੇਲ ਚੋਇਆ ਜਾਂਦਾ ਹੈ। ਨਰਸਿੰਗਾ ਫੂਕਿਆ ਜਾਂਦਾ ਹੈ। ਰੌਲਾ ਪੈਣ ਲਗਦਾ ਹੈ, ''ਸੁਲੇਮਾਨ ਬਾਦਸ਼ਾਹ ਜੀਉਂਦਾ ਰਹੇ!'' (1 ਰਾਜਿਆਂ 1:39)। ਰੌਲਾ ਵਧ ਜਾਂਦਾ ਹੈ। ਕੋਈ ਨੱਚ ਰਿਹਾ ਹੈ, ਕੋਈ ਵਜਾ ਰਿਹਾ ਹੈ, ਕੁਝ ਲੋਕ ਆਪਣੇ ਪੈਰ ਥਾਪ ਰਹੇ ਹਨ; ਸਭ ਰੌਲਾ ਪਾ ਰਹੇ ਹਨ।

ਵਾਚਕ ਸਕ੍ਰੀਨ ਤੇ ਵਾਪਸ ਆਉਂਦਾ ਹੈ। ''ਅਨੰਦ ਮਨਾਉਣ ਦਾ ਰੌਲਾ ਐਨਾ ਜਿਆਦਾ ਸੀ, ਕਿ ਇਹ ਅਦੋਨੀਯਾਹ ਦੀ ਦਾਅਵਤ ਵਾਲੀ ਥਾਂ ਭਾਵ ਦੱਖਣ ਵੱਲ ਅੱਧੇ ਮੀਲ ਤਕ ਸੁਣਾਈ ਦਿੰਦਾ ਸੀ। ਉਸ ਦੇ ਹਮਾਇਤੀਆਂ ਦਾ ਜੋਸ਼ ਜਾਂਦਾ ਰਿਹਾ ਅਤੇ ਉਹ ਭੱਜ ਗਏ। ਅਦੋਨੀਯਾਹ, ਯੋਆਬ ਅਤੇ ਅਬਯਾਥਾਰ ਹੀ ਬਚਿਆ ਖੁਚਿਆ ਖਾਣਾ ਅਤੇ ਆਪਣੇ ਪੇਟ ਵਿਚ ਠੰਡੀਆਂ ਪਈਆਂ ਗੰਢਾਂ ਨਾਲ ਉੱਥੇ ਰਹਿ ਗਏ ਸਨ।[44] ਅਦੋਨੀਯਾਹ ਦੀ ਬਗਾਵਤ ਜਿੰਨੀ ਛੇਤੀ ਉੱਠੀ ਸੀ ਓਨੀ ਹੀ ਛੇਤੀ ਖ਼ਤਮ ਹੋ ਗਈ। ਇਸਰਾਏਲ ਨੂੰ ਨਵਾਂ ਬਾਦਸ਼ਾਹ ਮਿਲ ਗਿਆ ਸੀ। ਸੁਲੇਮਾਨ ਗੱਦੀ ਤੇ ਬੈਠ ਗਿਆ ਸੀ।''[45]

ਜਦ ਦ੍ਰਿਸ਼ ਦੁਬਾਰਾ ਬਦਲਦਾ ਹੈ, ਤਾਂ ਦਾਊਦ ਮਹਿਲ ਦੇ ਛੱਜੇ ਤੇ ਖੜਾ ਹੋ ਜਾਂਦਾ ਹੈ। ਉਸ ਦੇ ਸ਼ਾਹੀ ਵਸਤਰ ਢਿੱਲੇ ਹੋ ਗਏ ਸਨ ਹੇਠਾਂ ਲੋਕਾਂ ਦੀ ਬੜੀ ਭੀੜ ਹੈ। ਵਾਚਕ ਵਿਆਖਿਆ ਕਰਦਾ ਹੈ; ''ਪ੍ਰਭੂ ਤੋਂ ਮਦਦ ਮੰਗ ਕੇ ਦਾਊਦ ਬੀਮਾਰੀ ਦੇ ਬਿਸਤਰ ਤੋਂ ਅਤੇ ਉਸ ਨੂੰ ਨਵਪੇਂ ਰਾਜੇ ਦੇ ਸਮਰਥਨ ਕਰਨ ਅਤੇ ਪਰਮੇਸ਼ੁਰ ਦੀ ਹੈਕਲ ਬਣਾਉਣ ਦਾ ਹੁਕਮ ਦਿੱਤਾ।'' ਦਾਊਦ ਲੋਕਾਂ ਨੂੰ ਸ਼ਾਂਤ ਕਰਨ ਲਈ ਥੋੜਾ ਜਿਹਾ ਹੱਥ ਉਠਾਉਂਦਾ ਹੈ। ਉਹ ਮੱਠੀ, ਪਰ ਕਰਾਰੀ ਅਵਾਜ਼ ਵਿਚ ਬੋਲਦਾ ਹੈ:

> ਹੇ ਮੇਰੇ ਭਾਈਓ, ਅਰ ਮੇਰੀ ਪਰਜਾ, ਮੇਰੀ ਸੁਣੋ! ... ਮੇਰਿਆਂ ਪੁੱਤਰਾਂ ਵਿੱਚੋਂ (ਹਾਂ, ਯਹੋਵਾਹ ਨੇ ਮੈਨੂੰ ਬਹੁਤ ਪੁੱਤਰ ਬਖ਼ਸ਼ ਦਿੱਤੇ ਹਨ) ਉਸ ਨੇ ਮੇਰੇ ਪੁੱਤਰ ਸੁਲੇਮਾਨ ਨੂੰ ਪਸੰਦ ਕੀਤਾ ਭਈ ਯੋਹਵਾ ਦੇ ਰਾਜ ਵਿਚ ਇਸਰਾਏਲ ਦੀ ਗੱਦੀ ਉੱਤੇ ਬਰਾਜਮਾਨ ਹੋਵੇ। ਅਰ ਉਸ ਨੇ ਮੈਨੂੰ ਕਿਹਾ, ਤੇਰਾ ਪੁੱਤਰ ਸੁਲੇਮਾਨ ਮੇਰੇ ਲਈ ਭਵਨ ਅਰ ਦਰਬਾਰਾਂ ਨੂੰ ਬਣਾਵੇਗਾ ਕਿਉਂ ਜੋ ਮੈਂ ਉਸ ਨੂੰ ਚੁਣ ਲਿਆ ਹੈ। ... ਇਸ ਲਈ ਹੁਣ ਸਾਰੇ ਇਸਰਾਏਲ ਦੇ ਵੇਖਦਿਆਂ, ਅਰਥਾਤ ਯਹੋਵਾਹ ਦੀ ਸਭਾ ਦੇ ਅੱਗੇ ਅਰ ਸਾਡੇ ਪਰਮੇਸ਼ੁਰ ਦੇ ਸੁਣਨ ਵਿਚ ਤੁਹਾਨੂੰ ਮੱਤ ਦਿੰਦਾ ਹਾਂ ਕਿ ਤੁਸੀਂ ਆਪਣੇ ਪਰਮੇਸ਼ੁਰ ਦੀਆਂ ਸਭ ਆਗਿਆਵਾਂ ਉੱਤੇ ਧਿਆਨ ਰੱਖੋ, ਅਰ ਭਾਲ ਢੂੰਢ ਕਰਿਆ ਕਰੋ ਤਾਂ ਜੋ ਤੁਸੀਂ ਇਸ ਚੰਗੇ ਦੇਸ਼ ਦੇ ਮਾਲਕ ਹੋਵੋ ਅਰ ਆਪਣੇ ਪਿੱਛੋਂ ਆਪਣੀ ਸੰਤਾਨ ਨੂੰ ਸਦਾ ਦੇ ਅਧਕਾਰ ਲਈ ਛੱਡ ਜਾਓ (1 ਇਤਿਹਾਸ 28:2–8)।

ਦਾਊਦ ਦੇ ਭਾਸ਼ਣ ਦੇ ਵਿਚ ਹੀ ਵਾਚਕ ਦੀ ਅਵਾਜ਼ ਸੁਣੀ ਜਾ ਸਕਦੀ ਹੈ। ''ਦਾਊਦ ਨੇ ਵੀ ਅਧਿਕਾਰ ਸੁਲੇਮਾਨ ਨੂੰ ਦੇ ਦਿੱਤਾ ਅਤੇ ਅਧਿਕਾਰਕ ਤੌਰ ਤੇ ਹੈਕਲ ਦੇ ਨਿਰਮਾਣ ਦਾ ਕੰਮ ਉਸ ਨੂੰ ਸੌਂਪ ਦਿੱਤਾ। ਦਾਊਦ ਨੇ ਸੁਲੇਮਾਨ ਲਈ ਅਤੇ ਹੈਕਲ ਬਣਾਉਣ ਵਾਸਤੇ ਲੋਕਾਂ ਦੇ ਆਗੂਆਂ ਦੀ ਹਮਾਇਤ ਮੰਗੀ ਅਤੇ ਉਸ ਨੂੰ ਮਿਲ ਗਈ। ਉਸ ਨੇ ਹੁਕਮ ਦਿੱਤਾ ਕਿ ਕੁਰਬਾਨੀਆਂ ਚੜ੍ਹਾਈਆਂ ਜਾਣ ਅਤੇ ਬਹੁਤ ਵੱਡੀ ਦਾਅਵਤ ਹੋਵੇ। ਇਹ ਇਸਰਾਏਲ ਦੇ ਇਤਿਹਾਸ ਵਿਚ ਸਭ ਤੋਂ ਮਹਾਨ ਦਿਨਾਂ ਵਿੱਚੋਂ ਇਕ ਸੀ, ਅਤੇ ਦਾਊਦ ਦਾ ਆਖ਼ਰੀ ਵਾਰ ਲੋਕਾਂ ਨੂੰ ਦਰਸ਼ਣ।''[46]

ਕੈਮਰਾ ਸਾਨੂੰ ਸਟੂਡੀਓ ਵਿਚ ਵਾਪਸ ਲੈ ਆਉਂਦਾ ਹੈ, ਜਿੱਥੇ ਮਾਯੂਸ ਈਮਾ ਅਸਮਾਨ ਵੱਲ ਤੱਕਦਾ ਹੈ ਜਦ ਕਿ ਜੇਤੂ ਊਰਾ ਦੋਹਾਂ ਹੱਥਾਂ ਦੇ ਅੰਗੂਠੇ ਉੱਪਰ ਕਰਦਾ ਹੈ।

### ਬੰਦ ਕਰਨਾ (2 ਸਮੂਏਲ 23:1-7; 1 ਰਾਜਿਆਂ 2:1-9)

ਸਾਨੂੰ ਫਿਰ ਦਾਊਦ ਦੀ ਖ਼ਾਬਗਾਹ ਹੀ ਵਿਖਾਈ ਜਾਂਦੀ ਹੈ। ਸੁਲੇਮਾਨ ਆਪਣੇ ਪਿਤਾ ਦੇ ਬਿਸਤਰੇ ਕੋਲ ਝੁਕਿਆ ਹੋਇਆ ਹੈ। ਵਾਚਕ ਕਹਿੰਦਾ ਹੈ, ''ਲੋਕਾਂ ਨੂੰ ਆਖ਼ਰੀ ਵਾਰ ਦਰਸ਼ਨ ਦੇਣ ਦੇ ਬਾਅਦ, ਦਾਊਦ ਦੀ ਹਾਲਤ ਵਿਗੜਦੀ ਗਈ। ਮਰਨ ਤੋਂ ਪਹਿਲਾਂ ਉਸ ਨੇ ਸੁਲੇਮਾਨ ਨੂੰ ਆਪਣੇ ਕੋਲ ਬੁਲਾਇਆ। ਉਸ ਨੇ ਆਪਣੇ ਪੁੱਤਰ ਨੂੰ ਉਨ੍ਹਾਂ ਲੋਕਾਂ ਨੂੰ ਨਾ ਭੁੱਲਣ ਦਾ ਹੁਕਮ ਦਿੱਤਾ ਜਿਹੜੇ ਉਸ ਦੇ ਮਿੱਤਰ ਸਨ (1 ਰਾਜਿਆਂ 2:7)। ਉਸ ਨੇ ਸੁਲੇਮਾਨ ਨੂੰ ਰਸੂਖ ਵਾਲੇ ਉਨ੍ਹਾਂ ਲੋਕਾਂ ਤੋ ਖ਼ਬਰਦਾਰ ਕੀਤਾ, ਜਿਹੜੇ ਉਸ ਦੀ ਹਕੂਮਤ ਨੂੰ ਨੁਕਸਾਨ ਪੁਚਾ ਸਕਦੇ ਸਨ।[47] ਸਭ ਤੋਂ ਵਧ ਕੇ ਦਾਊਦ ਨੂੰ ਖ਼ੁਦਾ ਦੇ ਵਫ਼ਾਦਾਰ ਰਹਿਣ ਦੀ ਚੁਣੌਤੀ ਦਿੱਤੀ।'' ਅਸੀਂ ਦਾਊਦ ਨੂੰ ਬਾਹਰ ਨਿੱਕਲਦੇ, ਸੁਲੇਮਾਨ ਉੱਤੇ ਹੱਥ ਰੱਖਦਿਆਂ, ਅਤੇ ਇਹ ਕਹਿੰਦਿਆਂ ਵੇਖਦੇ ਹਾਂ:

> ਮੈਂ ਸਾਰੀ ਸਰਿਸ਼ਟੀ ਦੇ ਰਾਹ ਜਾਂਦਾ ਹਾਂ। ਤੂੰ ਤਕੜਾ ਹੋ ਕੇ ਮਰਦ ਬਣ। ਅਤੇ ਯਹੋਵਾਹ ਆਪਣੇ ਪਰਮੇਸ਼ੁਰ ਦੀ ਆਗਿਆ ਨੂੰ ਪਾਲ ਕੇ ਉਹ ਦੇ ਮਾਰਗ ਉੱਤੇ ਚੱਲ ਅਤੇ ਉਹ ਦੀਆਂ ਬਿਧੀਆਂ, ਹੁਕਮਾਂ, ਨਿਆਵਾਂ, ਅਤੇ ਸਾਖੀਆਂ ਦੀ ਪਾਲਨਾ ਕਰ ਕੇ ਰਾਖੀ ਕਰ ਜਿਵੇਂ ਮੂਸਾ ਦੀ ਵਿਸਥਾ ਵਿਚ ਲਿਖਿਆ ਹੈ, ਜਿਸ ਕਰਕੇ ਤੂੰ ਉਸ ਸਾਰੇ ਕੰਮ ਵਿਚ ਜਿਹੜਾ ਤੂੰ ਕਰੇਂ ਅਤੇ ਉਸ ਸਭ ਕਾਸੇ ਵੱਲ ਜਿੱਧਰ ਤੂੰ ਮੂੰਹ ਕਰੇਂ ਸਫ਼ਲ ਹੋਵੇਂ (1 ਰਾਜਿਆਂ 2:2, 3)।[48]

ਦਾਊਦ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕਦਾ ਹੈ ਅਤੇ ਹੌਲੀ ਹੌਲੀ ਗਾਉਣ ਲਗਦਾ ਹੈ।[49]

ਇਸਰਾਏਲ ਦੇ ਪਰਮੇਸ਼ੁਰ ਨੇ ਆਖਿਆ, ...
ਜਿਹੜਾ ਆਦਮੀਆਂ ਉੱਤੇ ਧਰਮ ਨਾਲ ਰਾਜ ਕਰਦਾ ਹੈ,
ਜੋ ਪਰਮੇਸ਼ੁਰ ਦੇ ਭੌ ਨਾਲ ਰਾਜ ਕਰਦਾ ਹੈ,
ਉਹ ਸਵੇਰ ਦੇ ਚਾਨਣ ਵਰਗਾ ਹੋਵੇਗਾ
ਜਦ ਸੂਰਜ ਨਿੱਕਲਦਾ ਹੀ ਹੈ,
ਅਜਿਹੀ ਸਵੇਰ ਜਿਸ ਦੇ ਵਿਚ ਬੱਦਲ ਨਾ ਹੋਣ, ...
ਭਾਵੇਂ ਮੇਰਾ ਘਰ ਪਰਮੇਸ਼ੁਰ ਦੇ ਅੱਗੇ ਇਸ ਡੌਲ ਦਾ ਨਹੀਂ,
ਤਾਂ ਵੀ ਉਹਨੇ ਇਕ ਸਦਾ ਦਾ ਨੇਮ ਮੇਰੇ ਨਾਲ ਕੀਤਾ ਹੈ ... (2 ਸਮੂਏਲ 23:3–5)।

ਦਾਊਦ ਆਪਣੀਆਂ ਅੱਖਾਂ ਮੀਟ ਕਰ ਲੈਂਦਾ ਹੈ। ਸੁਲੇਮਾਨ ਆਪਣੇ ਬਾਪ ਨੂੰ ਚਿੰਬੜ ਜਾਂਦਾ ਹੈ। ਦ੍ਰਿਸ਼ ਹੌਲੀ ਹੌਲੀ ਅਲੋਪ ਹੋਣ ਲਗਦਾ ਹੈ, ਅਤੇ ਵਾਚਕ ਆਖਦਾ ਹੈ, ''ਇਸ ਦੇ ਥੋੜ੍ਹੀ ਦੇਰ ਬਾਅਦ, ਦਾਊਦ ਚੁੱਪ ਕਰਕੇ ਇਸ ਜਹਾਨ ਤੋਂ ਕੂਚ ਕਰ ਗਿਆ। ਬਾਦਸ਼ਾਹ ਦਾਊਦ ਦੀ ਚਾਲੀ ਸਾਲਾਂ ਦੀ ਹਕੂਮਤ ਖ਼ਤਮ ਹੋ ਗਈ। ਇਸ ਧਰਤੀ ਤੇ ਉਸ ਦੇ ਸੱਤਰ ਸਾਲ ਪੂਰੇ ਹੋ ਗਏ। ਇਸਰਾਏਲ ਦਾ ਸੁਰੀਲਾ ਗਾਇਕ ਮਰ ਗਿਆ ਸੀ।''

ਅੱਥਰੂ ਪੂੰਝਦਿਆਂ, ਸਟੂਡੀਓ ਵਿਚ ਵਾਪਸ ਆਉਣ ਤੇ ਸਾਨੂੰ ਝਟਕਾ ਲਗਦਾ ਹੈ। ਉਤੇਜਿੱਤ ਈਮਾ ਆਪਣੀ ਮੁੱਠੀ ਘੁੱਟ ਰਿਹਾ ਹੈ। ''ਬੇਦੋਸ਼ਾ ਠਹਿਰਾਉਣ ਦੀ ਗੱਲ ਕਰੋ! ਮੈਨੂੰ ਪਤਾ ਲੱਗਾ ਹੈ ਕਿ ਦਾਊਦ ਨੇ ਸੁਲੇਮਾਨ ਨੂੰ ਯੋਆਬ ਅਤੇ ਸ਼ਿੰਮੀ ਤੋਂ ਪਿੱਛਾ ਛੁਡਾਉਣ ਲਈ ਕਿਹਾ।''

ਊਰਾ ਵਿਰੋਧ ਕਰਦਾ ਹੈ। ''ਠੀਕ ਹੈ, ਆਖਰ ਯੋਆਬ ਵੀ ਤਾਂ ਅਦੋਨੀਯਾਹ ਦੀ ਸਾਜ਼ਿਸ਼ ਵਿਚ ਉਹਦੇ ਨਾਲ ਸੀ।''

''ਹੋਵੇਗਾ, ਪਰ ਸ਼ਿੰਮਈ ਕਿੱਥੇ ਸੀ। ਦਾਊਦ ਨੇ ਸ਼ਿੰਮਈ ਨਾਲ ਵਾਅਦਾ ਕੀਤਾ ਸੀ ਕਿ ਉਹ ਉਸ

ਨੂੰ ਨਹੀਂ ਮਾਰੇਗਾ।''

''ਕੀਤਾ ਹੋਵੇਗਾ, ... ਸ਼ਿੰਮਈ ਸ਼ਾਇਦ ਦੂਜਾ ਮੌਕਾ ਮਿਲਣ ਦੇ ਬਾਅਦ ਵੀ ਦਾਊਦ ਦੀ ਹਕੂਮਤ ਨੂੰ ਨੁਕਸਾਨ ਪੁਚਾਉਂਦਾ ਰਿਹਾ।''[50] ਈਮਾ ਫੁੰਕਾਰਦਾ ਹੈ। ''ਅੱਜ ਤੁਸੀਂ ਸ਼ਾਇਦ ਸ਼ਾਇਦ ਬੜਾ ਕਰ ਰਹੇ ਹੋ! ਤੱਥਾਂ ਦੇ ਅਧਾਰ ਤੇ ਇਹ ਅੰਗੂਠਾ ਹੇਠਾਂ ਜਾਂਦਾ ਹੈ।''

ਊਰਾ ਤਾਲਿਕਾ ਵੱਲ ਵੇਖਦਾ ਹੈ। ''ਠੀਕ ਹੈ, ਪਰ ਜਦ ਤੁਸੀਂ ਜੋੜ ਕਰੋਗੇ, ਤਾਂ ਹੇਠਾਂ ਕੀਤੇ ਗਏ ਅੰਗੂਠਿਆਂ ਦੇ ਬਜਾਏ ਉੱਪਰ ਕੀਤੇ ਅੰਗੂਠੇ ਵੱਧ ਹੋਣਗੇ।''

ਈਮਾ ਗੁਰਾਉਂਦਾ ਹੈ, ''ਜੋੜ ਦੀ ਕਿਸ ਨੂੰ ਪਰਵਾਹ ਹੈ? ਉਹੀ ਇਹ ਆਦਮੀ ਹੈ ਜਿਸ ਦੇ ਕਾਰਣ ਸੁਰਖੀਆਂ ਬਣੀਆਂ ਸਨ, ਜੋ ਲਗਦਾ ਸੀ ਕਿ ਏਨਾ ਮਹਾਨ ਹੋਵੇਗਾ। ਉਸ ਨੇ ਆਪਣੀ ਹੀ ਕਬਰ ਪੁੱਟਣ ਲਈ ਆਪਣੇ ਨੇੜੇ ਏਨੇ ਪਿੰਜਰ ਕਿਉਂ ਰੱਖੇ ਸਨ!''

ਊਰਾ ਜਵਾਬ ਦਿੰਦਾ ਹੈ: ''ਕਿਉਂਕਿ ਉਹ ਸਿੱਧ ਨਹੀਂ ਸੀ! ਤੁਸੀਂ ਦਾਅਵੇ ਨਾਲ ਆਖ ਸਕਦੇ ਹੋ ਕਿ ਤੁਸੀਂ ਸਿੱਧ ਹੋ?''

ਈਮਾ ਮੂੰਹ ਤੋੜ ਜਵਾਬ ਦਿੰਦਾ ਹੈ: ''ਹਾਂ, ਦਾਊਦ ਜਿੰਨਾ ਤਾਂ ਹਾਂ ਹੀ। ਅਸਲ ਵਿਚ ...''

ਅਸੀਂ ਕਦੀ ਨਹੀਂ ਜਾਣ ਪਾਵਾਂਗੇ ਕਿ ਈਮਾ ਕੀ ਚਾਹੁੰਦਾ ਸੀ, ਕਿਉਂਕਿ ਅਚਾਨਕ ਤੇਜ਼ ਰੌਸ਼ਨੀ ਨਾਲ ਸਟੂਡੀਓ ਜਗਮਗਾ ਉੱਠਦਾ ਹੈ ਅਤੇ ਇਕ ਅਵਾਜ਼ ਕਹਿੰਦੀ ਹੈ: ''ਈਮਾ ਅਤੇ ਊਰਾ, ਚੁੱਪ ਚਾਪ ਬੈਠ ਜਾਓ। ਤੁਹਾਡੇ ਦੋਹਾਂ ਵਿੱਚੋਂ ਕੋਈ ਵੀ ਸਹੀ ਨਹੀਂ ਹੈ। ਤੁਹਾਡੇ ਵਿੱਚੋਂ ਇਕ ਤਾਂ ਦਾਊਦ ਦਾ ਪੱਖ ਲੈਣ ਲਈ ਤਿਆਰ ਕਹਿੰਦਾ ਹੈ; ਜਦ ਕਿ ਦੂਜਾ ਉਹਦੀ ਨਿੰਦਿਆ ਕਰਨ ਨੂੰ। ਤੁਹਾਡੇ ਵਿੱਚੋਂ ਕੋਈ ਵੀ ਉਵੇਂ ਨਹੀਂ ਵੇਖਦਾ ਜਿਵੇਂ ਮੈਂ ਵੇਖਦਾ ਹਾਂ, ਕਿਉਂਕਿ ਮੈਂ ਸਭ ਤੋਂ ਉੱਪਰ ਮਨ ਨੂੰ ਵੇਖਦਾ ਹਾਂ। ਦਾਊਦ ਮੇਰੇ ਮਨ ਦੇ ਅਨੁਸਾਰੀ ਸੀ!'' ਅਲੋਚਕ ਈਮਾ ਅਤੇ ਅਲੋਚਕ ਊਰਾ ਦੀ ਅੰਤਮ ਝਲਕ ਵਿਚ ਅਸੀਂ ਵੇਖਦੇ ਹਾਂ ਕਿ ਘੂਰਦੇ ਹੋਏ, ਉਨ੍ਹਾਂ ਦੇ ਮੂੰਹ ਖੁੱਲ੍ਹਦੇ ਹਨ ਅਤੇ ਉਹ ਅਜਿਹੇ ਤਣ ਕੇ ਖੜੇ ਹਨ, ਜਿਵੇਂ ਪੱਥਰ ਬਣ ਗਏ ਹਨ। ਫਿਰ ਟੀਵੀ ਫਟ ਕੇ ਉੱਡ ਜਾਂਦਾ ਹੈ।

## ਦਾਊਦ ਤੇ ਖ਼ੁਦਾ ਦਾ ਆਖਰੀ ਸ਼ਬਦ

ਸ਼ਾਇਦ ਮੈਂ ਆਪਣੇ ਆਪਨੂੰ ਇਸ ਅੰਤਮ ਦ੍ਰਿਸ਼ ਵਿਚ ਕੁਝ ਜਿਆਦਾ ਹੀ ਗੁਆ ਲਿਆ, ਪਰ ਮੈਂ ਇਸ ਗੱਲ ਤੇ ਪਹੁੰਚਦਾ ਹਾਂ ਕਿ ਦਾਊਦ ਤੇ ਅੰਤਮ ਸ਼ਬਦ ਕਹਿਣ ਦਾ ਹੱਕ ਸਾਨੂੰ ਨਹੀਂ ਸਗੋਂ ਖ਼ੁਦਾ ਕੋਲ ਹੈ। ਇਸ ਸੂਚੀ ਦੇ ਅੰਤ ਵਿਚ ਆ ਕੇ ਇਸ ਸਮੀਖਿਆ ਲਈ ਕੁਝ ਪਲ ਦਿੰਦੇ ਹਨ ਕਿ ਖ਼ੁਦਾ ਦਾਊਦ ਦੀ ਜ਼ਿੰਦਗੀ ਦਾ ਮੁਲਾਂਕਣ ਕਿਵੇਂ ਕਰਦਾ ਹੈ।

ਆਓ ਸਮੂਏਲ ਦੇ ਕਥਨ ਨਾਲ ਸ਼ੁਰੂ ਕਰਦੇ ਹਾਂ, ਜਦ ਖ਼ੁਦਾ ਨੇ ਸ਼ਾਊਲ ਨੂੰ ਬਾਦਸ਼ਾਹ ਹੋਣੋ ਠੁਕਰਾਇਆ ਸੀ: ''ਪਰ ਹੁਣ ਤਾਂ ਤੇਰਾ ਰਾਜ ਠਹਿਰੇਗਾ ਕਿਉਂ ਜੋ ਯਹੋਵਾਹ ਨੇ ਇਕ *ਆਪਣੇ ਮਨ ਦੇ ਅਨੁਸਾਰੀ ਮਨੁੱਖ* ਨੂੰ ਭਾਲਿਆ ਅਤੇ ਯਹੋਵਾਹ ਨੇ ਆਪਣੇ ਲੋਕਾਂ ਦਾ ਪ੍ਰਧਾਨ ਬਣਨ ਲਈ ਉਸ ਨੂੰ ਥਾਪਿਆ ਹੈ'' (1 ਸਮੂਏਲ 13: 14)।

ਜਦ ਸਮੂਏਲ ਅਗਲੇ ਰਾਜੇ ਨੂੰ ਮਸਹ ਕਰਨ ਲਈ ਬੈਤਲਹਮ ਵਿਚ ਯੱਸੀ ਦੇ ਘਰ ਪਹਿਲੀ ਵਾਰ ਗਿਆ ਸੀ, ਤਾਂ ਇਸ ਬਜ਼ੁਰਗ ਨਿਆਈ ਨੂੰ ਲੱਗਾ ਸੀ ਕਿ ਯੱਸੀ ਦੇ ਵੱਡੇ ਮੁੰਡਿਆਂ ਵਿੱਚੋਂ ਲੰਬਾ ਸੋਹਣਾ ਜੁਆਨ ਹੀ ਅਗਲਾ ਬਾਦਸ਼ਾਹ ਹੋਵੇਗਾ; ਪਰ ਖ਼ੁਦਾ ਨੇ ਕਿਹਾ, ''ਉਹਦੇ ਮੂੰਹ ਉੱਤੇ ਅਤ ਉਹਦੀ ਲੰਮਾਣ ਵੱਲ ਨਾ ਵੇਖ ਕਿਉਂ ਜੋ ਉਹਨੂੰ ਮੈਂ ਨਹੀਂ ਮੰਨਿਆ; ਕਿਉਂ ਜੋ ਪਰਮੇਸ਼ੁਰ ਦਾ ਵੇਖਣਾ ਮਨੁੱਖ ਵਾਂਗੂ ਨਹੀਂ ਹੈ; ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ, ਪਰ ਯਹੋਵਾਹ ਦੀ ਦਿਨੂੰ ਵੇਖਦਾ ਹੈ'' (1 ਸਮੂਏਲ 16:7)।

ਇਸ ਲੜੀ ਵਿਚ, ਅਸੀਂ ਦਾਊਦ ਦੇ ਚੰਗੇ ਦਿਨਾਂ ਨੂੰ ਉਸ ਦੇ ਨਾਲ ਭੱਜੇ ਅਤੇ ਉਸ ਦੇ ਮਾੜੇ ਦਿਨਾਂ ਵਿਚ ਉਸ ਦੇ ਨਾਲ ਰਿੜ੍ਹੇ ਹਾਂ। ਅਜਿਹਾ ਕਰਦਿਆਂ ਮੈਂ ਮੰਨਦਾ ਹਾਂ ਕਿ ਖ਼ੁਦਾ ਦੀ ਨਾਲਿਸ਼ ਦਾ

ਮੁਜਰਿਮ ਹਾਂ ਕਿਉਂਕਿ ''ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ।'' ਕਿਹਾ ਜਾਂਦਾ ਹੈ ਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਦਇਆ ਕਰਨ ਵਾਲੇ ਹੋਣ ਦੀ ਬਜਾਇ ਨਿਆਂ ਦੀ ਗੱਦੀ ਤੇ ਬੈਠਣਾ ਵਧੇਰੇ ਪਸੰਦ ਕਰਦੇ ਹਨ, ਅਤੇ ਇਹ ਸੱਚ ਵੀ ਹੈ। ਦਾਊਦ ਦੀ ਜ਼ਿੰਦਗੀ ਦਾ ਅਧਿਐਨ ਕਰੀਦਆਂ ਦੋ ਗੱਲਾਂ ਨੂੰ ਭੁੱਲ ਜਾਣ ਅਸਾਨ ਹੈ: (1) ਜੇ ਅਸੀਂ ਦਾਊਦ ਦਾ ਨਿਆਂ ਕਰਦੇ ਵੀ ਹਾਂ; ਤਾਂ ਉਹ ਨਵੇਂ ਨੇਮ ਦੇ ਮਾਪਦੰਡ ਅਨੁਸਾਰ ਨਹੀਂ ਸਗੋਂ ਉਸ ਸਮੇਂ ਨੂੰ ਧਿਆਨ ਵਿਚ ਰੱਖ ਕੇ ਹੋਣਾ ਚਾਹੀਦਾ ਹੈ ਜਿਸ ਵਿਚ ਉਹ ਰਹਿੰਦਾ ਸੀ। (2) ਦਾਊਦ ਦੀ ਜ਼ਿੰਦਗੀ ਦੇ ਸਹੀ ਉਤਾਰ ਚੜ੍ਹਾਵਾਂ ਵਿਚ ਖ਼ੁਦਾ ਦਾ ਧਿਆਨ ਦਾਊਦ ਦੇ ਮਨ ਤੇ ਸੀ। *ਇਸਰਾਏਲੀ ਇਤਿਹਾਸ ਦੇ ਮਸ਼ਹੂਰ ਲੋਕ, ਭਾਗ 1* ਵਿਚ ਧਿਆਨ ਦੁਆਈਆਂ ਗਈਆਂ ਕਈ ਗੱਲਾਂ ਨੂੰ ਮੈਂ ਤੁਹਾਨੂੰ ਫੇਰ ਯਾਦ ਦੁਆਉਣਾ ਚਾਹੁੰਦਾ ਹਾਂ:

> ਦਾਊਦ ਦੀ ਜ਼ਿੰਦਗੀ ਨਾਲ ਸਬੰਧਿਤ ਅਧਿਆਇ ਇਤਿਹਾਸ ਤੇ ਉੱਨਾ ਨਹੀ ਜਿੰਨਾਂ ਉਹਦੇ *ਮਨ* ਤੇ ਧਿਆਨ ਦੁਆਉਂਦੇ ਹਨ।
>
> ... ਦਾਊਦ ਕਿਸੇ ਅਜਾਇਬ ਘਰ ਵਿਚ ਰੱਖਿਆ ਸੰਗਮਰਮਰ ਦਾ ਸੰਤ ਨਹੀਂ ਸੀ। ਉਸ ਦੀਆਂ ਰਗਾਂ ਵਿਚ ਗਰਮ ਖ਼ੂਨ ਦੌੜਦਾ ਸੀ ਅਤੇ ਉਸ ਦੇ ਜਿਸਮ ਅੰਦਰ ਡੂੰਘੇ ਜਜ਼ਬਾਤ ਸਨ। ਦਾਊਦ ਸਾਡੇ ਵਿੱਚੋਂ ਬਹੁਤਿਆਂ ਵਿੱਚੋਂ ਬਹੁਤਾ ਉੱਪਰ ਉੱਠਿਆ ਹੋਵੇਗਾ, ਉਹ ਡਿੱਗਾ ਵੀ ਬੜੀ ਬੁਰੀ ਤਰ੍ਹਾਂ।
>
> ... ਦਾਊਦ ਖੁਸ਼ਹਾਲੀ ਵਿਚ ਹੋਵੇ ਜਾਂ ਤੰਗੀ ਵਿਚ, ਉਸ ਦੀ ਵਫ਼ਾਦਾਰੀ ਖ਼ੁਦਾ ਵਿਚ ਘਟੀ ਨਹੀਂ ਸੀ। ਜ਼ਿੰਦਗੀ ਦੇ ਤੂਫ਼ਾਨ ਨਾਲ ਰੂਹਾਨੀ ਸੰਤੁਲਨ ਕਦੇ ਕਦੇ ਡੋਲ ਤਾਂ ਜਾਂਦਾ, ਪਰ ਤੂਫ਼ਾਨ ਦੇ ਥੰਮ੍ਹ ਜਾਣ ਤੇ ਪਰ ਦਾਊਦ ਦਾ ਸੰਤੁਲਨ ਫੇਰ ਆਪਣੇ ਰੂਹਾਨੀ ਧੁਰੇ, ਖ਼ੁਦਾ ਵੱਲ ਆ ਜਾਂਦਾ ਸੀ।

ਹੁਣ ਮੇਰੇ ਨਾਲ ਦਾਊਦ ਦੀ ਮੌਤ ਦੇ ਬਾਅਦ ਸਮੇਂ ਤੋਂ ਥੋੜਾ ਅੱਗੇ ਚੱਲੋ। 1 ਰਾਜਿਆਂ 3 ਅਧਿਆਇ ਵਿਚ ਖ਼ੁਦਾ ਸੁਲੇਮਾਨ ਨੂੰ ਸੁਪਨੇ ਵਿਚ ਮਿਲਿਆ, ਅਤੇ ਉਸ ਨੂੰ ਕੁਝ ਵੀ ਮੰਗਣ ਨੂੰ ਕਹਿਣ ਲੱਗਾ। ਆਇਤ 14 ਤੇ ਧਿਆਨ ਦਿਓ: ''ਜੇ ਕਰ ਤੂੰ ਮੇਰੇ ਮਾਰਗਾਂ ਉੱਤੇ ਚੱਲੇਂਗਾ ਅਤੇ ਮੇਰੀਆਂ ਵਿਧੀਆਂ ਅਤੇ ਹੁਕਮਾਂ ਨੂੰ ਪਾਲਣਾ ਕਰੇਂਗਾ ਜਿਵੇਂ ਤੇਰੇ *ਪਿਤਾ ਦਾਊਦ ਨੇ ਕੀਤਾ* ਤਾਂ ਮੈਂ ਤੇਰੇ ਵਧਾਵਾਂਗਾ'' (1 ਰਾਜਿਆਂ 3: 14)। 1 ਰਾਜਿਆਂ 9 ਵਿਚ ਸਾਨੂੰ ਅਜਿਹਾ ਹੀ ਵਾਕ ਮਿਲਦਾ ਹੈ। ਖ਼ੁਦਾ ਦੂਜੀ ਵਾਰ ਸੁਲਮਾਨ ਉੱਤੇ ਪਰਗਟ ਹੋ ਕੇ ਕਹਿੰਦਾ ਹੈ:

> ਜੇ ਤੂੰ ਮੇਰੇ ਸਨਮੁਖ ਮਨ ਦੀ ਸਚਿਆਈ ਤੇ ਧਰਮ ਨਾਲ ਚੱਲੇਂਗਾ ਜਿਵੇਂ ਤੇਰਾ ਪਿਤਾ ਦਾਊਦ ਚੱਲਦਾ ਰਿਹਾ ਅਤੇ ਉਹ ਸਭ ਜਿਹ ਦਾ ਮੈਂ ਤੈਨੂੰ ਹੁਕਮ ਦਿੱਤਾ ਪੂਰਾ ਕਰੇਂਗਾ ਅਤੇ ਮੇਰੇ ਹੁਕਮਾਂ ਤੇ ਨਿਆਵਾਂ ਦੀ ਪਾਲਨਾ ਕਰੇਂਗਾ। ਤਾਂ ਮੈਂ ਤੇਰੀ ਬਾਦਸ਼ਾਹੀ ਦੀ ਰਾਜ ਗੱਦੀ ਇਸਰਾਏਲ ਉੱਤੇ ਸਦਾ ਤੀਕ ਕਾਇਮ ਰਖਾਂਗਾ ... (ਆਇਤਾਂ 4, 5)।

ਇਨ੍ਹਾਂ ਦੋਹਾਂ ਆਇਤਾਂ ਨੂੰ ਪੜ੍ਹ ਕੇ ਅਸੀਂ ਹੈਰਾਨ ਹੋ ਜਾਂਦੇ ਹਾਂ। ਦਾਊਦ ਖ਼ੁਦਾ ਦੇ ਰਾਹਾਂ ਤੇ ਚੱਲਦਾ ਸੀ, ਉਹ ਖ਼ੁਦਾ ਦੇ ਸਭ ਹੁਕਮਾਂ ਨੂੰ ਮੰਨਦਾ ਸੀ? ''ਖ਼ੁਦਾਵੰਦਾ, ਜ਼ਰਾ ਰੁਕਣਾ, ਤੂੰ ਭੁੱਲ ਗਿਆਂ ਹੈਂ ਕਿ ਦਾਊਦ ਨੇ ਬਥਸ਼ਬਾ ਦੇ ਮਾਮਲੇ ਵਿਚ ਦਸ ਹੁਕਮਾਂ ਦਾ 40 ਫ਼ੀਸਦੀ ਤੋੜਿਆ ਸੀ? ਤੂੰ ਭੁੱਲ ਗਿਆਂ ਹੈਂ ਕਿ ਤੂੰ ਉਸ ਉੱਤੇ ਏਨਾ ਗੁੱਸੇ ਹੋਇਆ ਸੀ ਕਿ ਇਸਰਾਏਲ ਦੇ 70,000 ਆਦਮੀ ਮਾਰੇ ਗਏ ਸਨ?'' ਮੈਂ ਯਹੋਵਾਹ ਨੂੰ ਮੁਸਕੁਰਾਉਂਦੇ ਹੋਏ ਇਹ ਕਹਿੰਦਿਆਂ ਵੇਖਣ ਦੀ ਕਲਪਨਾ ਕਰਦਾ ਹਾਂ, ''ਹਾਂ, ਮੈਂ ਭੁੱਲ ਗਿਆ ਹਾਂ। ਜਿਹੜਾ ਪਾਪ ਮੈਂ ਮਾਫ਼ ਕਰ ਦਿੰਦਾ ਹਾਂ, ਉਹਨੂੰ ਭੁੱਲ ਹੀ ਜਾਂਦਾ ਹਾਂ।[51] ਤੂੰ ਮੇਰੇ ਦਾਸ ਦਾਊਦ ਦੀ ਲਿਖੀ ਕਲਮ ਨਾਲ ਲਿਖੀਆਂ ਇਹ ਆਇਤਾਂ ਭੁੱਲ ਗਿਐਂ?''

ਯਹੋਵਾਹ ਦਯਾਲੂ ਅਤੇ ਕਿਰਪਾਲੂ ਹੈ,
ਗੁੱਸੇ ਵਿਚ ਧੀਰਜੀ ਅਤੇ ਦਯਾ ਨਾਲ ਭਰਪੂਰ।
... ਜਿੰਨਾਂ ਉੱਚਾ ਅਕਾਸ਼ ਧਰਤੀ ਉੱਤੋਂ ਹੈ,
ਇੰਨੀ ਵੱਡੀ ਉਹ ਦੀ ਦਯਾ ਉਹ ਦੇ ਡਰਨ ਵਾਲਿਆਂ ਉੱਤੇ ਹੈ!
ਜਿੰਨ੍ਹਾਂ ਚੜ੍ਹਦਾ ਲਹਿੰਦੇ ਤੋਂ ਦੂਰ ਹੈ,
*ਉੱਨੇ ਹੀ ਉਸ ਨੇ ਸਾਡੇ ਅਪਰਾਧ ਸਾਥੋਂ ਦੂਰ ਕੀਤੇ ਹਨ!*
ਜਿਵੇਂ ਪਿਤਾ ਆਪਣੇ ਬੱਚਿਆਂ ਦਾ ਤਰਸ ਖਾਂਦਾ ਹੈ,
ਤਿਵੇਂ ਯਹੋਵਾਹ ਆਪਣੇ ਡਰਨ ਵਾਲਿਆਂ ਦਾ ਤਰਸ ਖਾਂਦਾ ਹੈ।
ਉਹ ਤਾਂ ਸਾਡੀ ਸਰਿਸ਼ਟ ਨੂੰ ਜਾਣਦਾ ਹੈ,
ਉਹ ਨੂੰ ਚੇਤਾ ਹੈ ਭਈ ਅਸੀਂ ਮਿੱਟੀ ਹੀ ਹਾਂ (ਜ਼ਬੂਰ 103:8–14)।

ਦਾਊਦ ਨੇ ਖ਼ੁਦਾ ਨੂੰ ਗੰਭੀਰਤਾ ਨਾਲ ਲਿਆ। ਉਸ ਦਾ ਮਨ ਪਰਮੇਸ਼ੁਰ ਦੇ ਮਨ ਨਾਲ ਮਿਲ ਗਿਆ ਸੀ। ਖ਼ੁਦਾ ਉਸ ਨੂੰ ਪਿਆਰ ਕਰਦਾ ਸੀ। ''ਦਾਊਦ ਮੇਰੀ ਵਿਧੀਆਂ ਅਤੇ ਹੁਕਮਾਂ ਦਾ ਪਾਲਣ ਕਰਦੇ ਹੋਏ, ਮੇਰੇ ਮਾਰਗਾਂ ਵਿਚ ਚੱਲਿਆ। ਉਹ ਮਨ ਦੀ ਨਿਸ਼ਠਾ ਅਤੇ ਸਿਆਣਈ ਨਾਲ ਮੇਰੇ ਸਭ ਹੁਕਮਾਂ ਨੂੰ ਮੰਨਦੇ ਹੋਏ ਚੱਲਦਾ ਸੀ। ਉਸ ਨੇ ਮੇਰੀਆਂ ਵਿਧੀਆਂ ਅਤੇ ਹੁਕਮਾਂ ਦਾ ਪਾਲਣ ਕੀਤਾ!''

ਆਓ ਨਵੇਂ ਨੇਮ ਦੀਆਂ ਕੁਝ ਆਇਤਾਂ ਵਿਚ ਸੰਖੇਪ ਵਿਚ ਜਾਂਦਾ ਹਾਂ। ਰਸੂਲਾਂ ਦੇ ਕੰਮ 7 ਅਧਿਆਇ ਵਿਚ ਮਹਾਸਭਾ ਦੇ ਸਾਹਮਣੇ ਉਪਦੇਸ਼ ਵਿਚ, ਇਸਤੀਫ਼ਾਨ ਨੇ ਪੁਰਾਣੇ ਨੇਮ ਦੇ ਇਤਿਹਾਸ ਦੀ ਇਕ ਸਮੀਖਿਆ ਦਿੱਤੀ। ਜਦ ਦਾਊਦ ਦੀ ਗੱਲ ਆਈ ਤਾਂ ਕੇ ਉਹਨੇ ਕਿਹਾ ਕਿ ''ਉਹ ਨੇ ਪਰਮੇਸ਼ੁਰ ਦੇ ਹਜ਼ੂਰੋਂ ਕਿਰਪਾ ਪਾਈ'' (ਆਇਤ 46)। ਆਪਣੀ ਕਬਰ ਦੇ ਪੱਥਰ ਤੇ ''ਦਾਊਦ ਉੱਤੇ ਖ਼ੁਦਾ ਦੀ ਕਿਰਪਾ ਹੋਈ'' ਲਿਖਿਆ ਹੋਣ ਤੇ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਪਰ ਜਿਨ੍ਹਾਂ ਆਇਤਾਂ ਵੱਲ ਖਾਸ ਧਿਆਨ ਦੁਆਉਣਾ ਚਾਹੁੰਦਾ ਹਾਂ, ਉਹ ਪਿਸਿਦੀਆ ਦੇ ਅੰਤਾਕੀਆ ਦੀ ਮਹਾਸਭਾ ਵਿਚ ਪੌਲੁਸ ਦੇ ਉਪਦੇਸ਼ ਵਿਚ ਮਿਲਦੀ ਹੈ: ''ਫਿਰ ਉਹ *[ਬਾਦਸ਼ਾਹ ਦੇ ਤੌਰ ਤੇ ਸ਼ਾਊਲ]* ਨੂੰ ਹਟਾ ਕੇ *[ਖ਼ੁਦਾ ਨੇ]* ਦਾਊਦ ਨੂੰ ਖੜਾ ਕੀਤਾ ਕਿ ਉਨ੍ਹਾਂ ਦਾ ਬਾਦਸ਼ਾਹ ਹੋਵੇ ਜਿਹਦੇ ਵਿਖੇ ਉਸ ਨੇ ਸਾਖੀ ਦੇ ਕੇ ਆਖਿਆ ਕਿ ਮੈਂ ਯੱਸੀ ਦਾ ਪੁੱਤਰ ਦਾਊਦ ਆਪਣੇ ਮਨ ਭਾਉਂਦਾ ਇਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ'' (ਰਸੂਲਾਂ ਦੇ ਕੰਮ 13:22)। ਐਂਪਲੀਫ਼ਾਈਡ ਬਾਈਬਲ ਵਿਚ ਇਸ ਦੇ ਆਖ਼ਰੀ ਭਾਗ ਨੂੰ ਵਿਸਤਾਰ ਦਿੱਤਾ ਗਿਆ ਹੈ, ''ਮੈਂ ਯੱਸੀ ਦਾ ਪੁੱਤਰ ਦਾਊਦ ਆਪਣੇ ਮਨ ਭਾਉਂਦਾ ਇਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ *ਅਤੇ ਮੇਰੇ* ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਚਲਾਏਗਾ।'' ਬਾਅਦ ਵਿਚ ਪੌਲੁਸ ਨੇ ਸਰਮਨ (ਉਪਦੇਸ਼) ਦਿੰਦਿਆ ਆਖਿਆ, ''ਦਾਊਦ ਨੇ *ਆਪਣੀ ਪੀੜ੍ਹੀ ਵਿਚ ਪਰਮੇਸ਼ੁਰ ਦੀ ਮਰਜ਼ੀ ਪੂਰੀ ਕੀਤੀ* ਅਤੇ ਸੌਂ ਗਿਆ'' (ਰਸੂਲਾਂ ਦੇ ਕੰਮ 13:36)। ਜ਼ਿੰਦਗੀ ਦੇ ਆਖ਼ਰੀ ਪੜਾਓ ਵਿਚ ਆਣ ਕੇ ਜੇ ਇਹ ਕਿਹਾ ਜਾਵੇ ਕਿ ਅਸੀਂ ਆਪਣੀ ਪੀੜ੍ਹੀ ਵਿਚ ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕੀਤਾ ਹੈ ਤਾਂ ਕਿੰਨੀ ਵੱਡੀ ਗੱਲ ਨਹੀਂ ਹੋਵੇਗੀ?

ਬਾਦਸ਼ਾਹ ਦੇ ਰੂਪ ਵਿਚ ਦਾਊਦ ਵਾਸਤੇ ਖ਼ੁਦਾ ਦੀ ਮਰਜ਼ੀ ਕੀ ਸੀ? ਦਾਊਦ ਦੀ ਹਕੂਮਤ ਲਈ ਉਸ ਦਾ ਕੀ ਪ੍ਰੋਗਰਾਮ ਸੀ? ਦਾਊਦ ਦੀਆਂ ਪ੍ਰਾਪਤੀਆਂ ਨੂੰ ''ਖ਼ੁਦਾ ਦੇ ਅਧੀਨ ਇਕ ਦੇਸ਼'' ਭਾਵ ''ਇਕ ਦੇਸ਼'' ਵਾਕ ਅੰਸ਼ ਨਾਲ ਸੰਖੇਪ ਕੀਤਾ ਜਾ ਸਕਦਾ ਹੈ ਕਿਉਂਕਿ ਦਾਊਦ ਨੇ ਬਾਰਾਂ ਘਮੰਡੀ ਅਤੇ ਅਜ਼ਾਦ ਕਬੀਲਿਆਂ ਨੂੰ ਸ਼ਾਂਤੀ ਨਾਲਾ ਰਹਿਣ ਵਾਲੇ ਇਕ ਦੇਸ਼ ਬਣਾ ਦਿੱਤਾ ਸੀ। ''ਖ਼ੁਦਾ ਦੇ ਅਧੀਨ'' ਦਾਊਦ ਹਮੇਸ਼ਾ ਜ਼ੋਰ ਦਿੰਦਾ ਸੀ ਕਿ ਇਸਰਾਏਲ ਦਾ ਅਸਲੀ ਬਾਦਸ਼ਾਹ ਉਹ ਨਹੀਂ ਬਲਕਿ ਯਹੋਵਾਹ ਹੈ। ਦਾਊਦ ਆਪਣੇ ਖ਼ੁਦਾ ਦੇ ਵਿਰੋਧੀਆਂ ਨੂੰ ਇਜਾਜ਼ਤ ਨਹੀਂ ਦੇਵੇਗਾ। ਦਾਊਦ ਦੀ ਗੱਦੀ

ਤੇ ਬੈਠਣ ਤੋਂ ਪਹਿਲਾਂ ਮੂਰਤੀਪੂਜਾ ਇਕ ਮੁਸ਼ਕਿਲ ਸੀ; ਦਾਊਦ ਦੇ ਮਰਨ ਇਹ ਕੋਈ ਮੁਸ਼ਕਿਲ ਨਹੀਂ ਸੀ। ਦਾਊਦ ਬੁੱਤਪ੍ਰਸਤੀ ਨੂੰ ਬ੍ਰਦਾਸ਼ਤ ਨਹੀਂ ਕਰ ਸਕਦਾ ਸੀ।[52] ਦਾਊਦ ਦੇ ਰਾਜ ਵਿਚ ਇਸਰਾਏਲ ਰੂਹਾਨੀ ਸਿਖਰ ਤੇ ਸੀ।

ਤਾਂ ਫਿਰ ਦਾਊਦ ਤੇ ਖ਼ੁਦਾ ਦਾ ਆਖ਼ਰੀ ਸ਼ਬਦ ਕੀ ਹੈ? ਰਸੂਲਾਂ ਦੇ ਕੰਮ 13:22 ਵਿਚ ਸ਼ਬਦਾਂ ਨੂੰ ਫੇਰ ਸੁਣੋ। ਦਾਊਦ ਦੀ ਮੌਤ ਦੇ ਹਜ਼ਾਰ ਸਾਲ ਬਾਅਦ ਵੀ ਖ਼ੁਦਾ ਨੇ ਆਖਿਆ, ''ਮੈਂ ... ਦਾਊਦ *ਆਪਣੇ ਮਨ ਭਾਉਂਦਾ* ਇਕ ਮਨੁੱਖ ਲੱਭਿਆ ਹੈ।'' ਤੱਥਾਂ ਦੀ ਸਮੀਖਿਆ ਕਰਨ, ਨਤੀਜਿਆਂ ਦੀ ਖੋਜ ਅਤੇ ਮੁਲਾਂਕਣ ਕਰਨ ਦੇ ਬੁਅਦ, ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਖ਼ੁਦਾ ਸਾਨੂੰ ਇਹ ਕਹਿ ਕੇ ਸ਼ਾਂਤ ਕਰ ਦਿੰਦਾ ਹੈ ਕਿ ''ਦਾਊਦ ਮੇਰੇ ਮਨ ਦੇ ਮੁਤਾਬਕ ਆਦਮੀ ਸੀ, ਅਤੇ ਇਹੀ ਸਭ ਤੋਂ ਵੱਡੀ ਗੱਲ ਹੈ।''

ਨਾ ਤਾਂ ਮੈਂ ਸਿੱਧ ਹਾਂ ਅਤੇ ਨਾ ਤੁਸੀਂ। ਆਪਣੀਆਂ ਉਮੀਦਾਂ ਤੇ ਵੀ ਜਿਹੜੀਆਂ ਖ਼ੁਦਾ ਦੀਆਂ ਸ਼ਰਤਾਂ ਤੋਂ ਬਹੁਤ ਘੱਟ ਹਨ, ਖਰਾ ਨਹੀਂ ਉੱਤਰ ਸਕਦਾ। ਪਰ ਜਿਹੜੀ ਗੱਲ ਮੈਂ ਕਰ ਸਕਦਾ ਹਾਂ ਉਹ ਇਹ ਹੈ ਕਿ ਮੈਂ ਦਾਊਦ ਵਾਂਗ ਆਪਣੇ ਮਨ ਵਿਚ ਖ਼ੁਦਾ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕਰ ਸਕਦਾ ਹਾਂ। ਆਪਣੇ ਪ੍ਰਭੂ ਦੇ ਮਨ ਦੇ ਨਾਲ ਆਪਣਾ ਮਨ ਮਿਲਾਉਣ ਦੀ ਕੋਸ਼ਿਸ਼ ਵਿਚ ਮੇਰੀ ਪੂਰੀ ਜ਼ਿੰਦਗੀ ਲਗ ਸਕਦ ਹੈ। ਮੇਰੀ ਜ਼ਿੰਦਗੀ ਲਈ ਮਨੁੱਖਾਂ ਦੇ ਮੁਲਾਂਕਣ ਆਪਸ ਵਿਚ ਮੇਲ ਖਾਂਦੇ ਹੋ ਵੀ ਸਕਦੇ ਹਨ ਅਤੇ ਨਹੀਂ ਵੀ; ਉਹ ਸਹੀ ਹੋ ਸਕਦੇ ਹਨ ਅਤੇ ਨਹੀਂ ਵੀ। ਪਰ ਅਖ਼ੀਰ ਵਿਚ ਇਹੀ ਮੁਲਾਂਕਣ ਕੰਮ ਆਵੇਗਾ। ਜੇ ਖ਼ੁਦਾ ਆਖੇ, ''ਡੇਵਿਡ, ਡੇਵਿਡ ਰੋਪਰ ਮੇਰੇ ਮਨ ਮੁਤਾਬਕ ਆਦਮੀ ਸੀ,'' ਇਹੀ ਤਾਂ ਹੋਣਾ ਚਾਹੀਦਾ ਹੈ।

---

ਟਿੱਪਣਿਆਂ

[1]ਡਬਲਯੂ. ਫ਼ਿੱਲਿਪ ਕੈਲਰ, *ਡੇਵਿਡ, ਦ ਸ਼ੈਫਰਡ ਕਿੰਗ* (ਵੈਕੋ, ਟੈਕਸਸ: ਵਰਲਡ ਪਬਲਿਸ਼ਰਜ਼, 1986), 182. [2]2 ਸਮੂਏਲ 21:1 ਕਹਿੰਦਾ ਹੈ, ''ਦਾਊਦ ਨੇ ਯਹੋਵਾਹ ਦੀ ਹਜ਼ੂਰੀ ਨੂੰ ਭਾਲਿਆ।'' [3]ਵੱਡਿਆਂ ਨੇ ਇਸ ਵਿਚ ਖ਼ੁਦਾ ਦਾ ਹੱਥ ਮੰਨਿਆ। ਪੁਰਾਣਾ ਅਤੇ ਨਵਾਂ ਨੇਮ ਸਿਖਾਉਂਦੇ ਹਨ ਕਿ ਖ਼ੁਦਾ ਆਮ ਤੌਰ ਤੇ ਸਾਡਾ ਧਿਆਨ ਖਿੱਚਣ ਲਈ ਕੁਦਰਤੀ ਆਫ਼ਤਾਂ ਦੀ ਵਰਤੋਂ ਕਰਦਾ ਹੈ। ਹਾਲ ਹੀ ਵਿਚ ਹੋਈ ਕਿਸੇ ਵੱਡੀ ਕੁਦਰਤੀ ਆਫ਼ਤ ਨੂੰ ਧਿਆਨ ਵਿਚ ਰੱਖ ਕੇ ਇਹ ਪੁੱਛਣਾ ਸਹੀ ਰਹੇਗਾ ਕਿ ''ਭਲਾ ਖ਼ੁਦਾ ਇਨ੍ਹਾਂ ਨਾਲ ਸਾਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ?'' [4]ਸਮੂਏਲ ਵਿਚ ਇਸ ਘਟਨਾ ਦਾ ਵੇਰਵਾ ਨਹੀਂ ਹੈ ਅਤੇ ਇਸਦੇ ਸਮੇਂ ਅਤੇ ਕਾਰਣਾਂ ਬਾਰੇ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। 2 ਸਮੂਏਲ 21:2 ਆਖਦਾ ਹੈ ਕਿ ''ਸ਼ਾਊਲ ਇਸਰਾਏਲੀਆਂ ਅਤੇ ਯਹੂਦੀਆਂ ਲਈ ਜਤਨ ਕਰ ਕੇ ਉਨ੍ਹਾਂ ਨੂੰ ਮਾਰਿਆ ਚਾਹੁੰਦਾ ਸੀ।'' ਸ਼ਾਊਲ ਨੂੰ ਜਾਣਦੇ ਹਾਂ ਇਸ ਕਰਕੇ ਪਤਾ ਹੀ ਹੈ ਕਿ ਉਸ ਦੇ ਮਕਸਦ ਸਿਆਸੀ ਹੀ ਹੋਣਗੇ। ਅਸੀਂ ਇਸ ਨੂੰ ''ਇਸਰਾਏਲ ਅਤੇ ਯਹੂਦਾ ਦੇ ਲੋਕਾਂ ਦੀ *[ਮੰਜ਼ੂਰੀ]* ਲਈ ਜਤਣ ਕਰਨ ਦਾ ਕਾਰਣ'' ਕਹਾਂਗੇ। [5]ਕੋਈ ਮੰਨੇਗਾ ਕਿ ਮਹਾਯਾਜਕਾਂ ਨੇ ਇਸ ਨੂੰ ਚੋਣ ਵਿਚ ਮਦਦ ਕੀਤੀ। [6]ਇਹ ਘਟਨਾ ਸੰਭਵ ਹੈ ਯੋਨਾਥਾਨ ਨਾਲ ਕੀਤੇ ਗਏ ਵਾਅਦੇ ਦੇ ਬਾਅਦ ਵਾਪਰੀ (2 ਸਮੂਏਲ 9)। [7]ਇਨ੍ਹਾਂ ਸੱਤ ਜਣਿਆਂ ਨੂੰ ਮਾਰਨ ਨਾਲ ਯੋਨਾਥਾਨ ਦੀ ਸੰਤਾਨ ਨੂੰ ਛੱਡ ਸ਼ਾਊਲ ਦਾ ਸਾਰਾ ਨਰ ਵੰਸ ਖਤਮ ਹੋ ਗਿਆ ਹੋਵੇਗਾ (ਇਤਿਹਾਸ ਦੀ ਕਿਤਾਬ ਵਿਚ ਸਿਰਫ਼ ਯੋਨਾਥਾਨ ਕੇ ਵੰਸ ਦਾ ਹੀ ਨਾਮ ਹੈ)। ਸ਼ਾਊਲ ਦੇ ਘਰਾਣੇ ਨੂੰ ਖ਼ੁਦਾ ਵੱਲੋਂ ਠੁਕਰਾ ਦਿੱਤਾ ਗਿਆ ਸੀ। [8]ਈਸਬੋਸ਼ਥ ਨੇ ਅਬਨੇਰ ਉੱਤੇ ਰਿਸਪਾਹ ਨਾਲ ਨਜਾਇਜ਼ ਰਿਸ਼ਤੇ ਹੋਣ ਦਾ ਦੋਸ਼ ਲਾਇਆ (2 ਸਮੂਏਲ 3)। [9]ਮੇਰਬ ਦਾ ਵਿਆਹ ਦਾ ਵਾਅਦਾ ਤਾਂ ਦਾਊਦ ਨਾਲ ਕੀਤਾ ਗਿਆ ਸੀ, ਫਿਰ ਉਸ ਨੂੰ ਅਦਰੀਏਲ ਨਾਲ ਵਿਆਹ ਦਿੱਤਾ ਗਿਆ। ਕੁੰਝ ਹੱਥ

ਲਿਖਤਾਂ ਵਿਚ ਮੀਕਲ ਹੈ (ਵੇਖੋ KJV), ਪਰ ਮੀਕਲ ਦੇ ਮੌਤ ਦੇ ਦਿਨ ਤਕ ਆਪਣਾ ਕੋਈ ਬੱਚਾ ਨਹੀਂ ਸੀ (2 ਸਮੂਏਲ 6:23), ਇਸ ਲਈ ਸਰਬਸੰਮਤੀ ਇਹ ਹੈ ਕਿ ਮੀਕਲ ਦੀ ਭੈਣ ਮੇਰਬ ਦੇ ਬੇਟੇ ਸਨ। ਕੁਝ ਲੋਕਾਂ ਦਾ ਸੁਝਾਅ ਹੈ ਕਿ ਮੀਕਲ ਨੇ ਮੇਰਬ ਦੇ ਬੱਚਿਆਂ ਦਾ ਪਾਲਣ ਪੋਸ਼ਣ ਆਪਣੇ ਬੱਚਿਆਂ ਵਾਂਗ ਕੀਤਾ ਸੀ। [10]ਜੇ ਰਿਸਪਾਹ ਉੱਥੇ ਜੌਂ ਕੱਢਣ ਦੇ ਮੌਸਮ (ਮਾਰਚ ਤੋਂ ਮਈ ਤਕ) ਦੀ ਬਰਸਾਤ ਦੇ ਮੌਸਮ (ਨਵੰਬਰ ਤੋਂ ਦਸੰਬਰ ਤਕ), ਤਾਂ ਉਹ ਉਥੇ ਛੇ–ਅੱਠ ਮਹੀਨੇ ਰਹੀ ਸੀ!

[11]ਹੁਣ ਤਕ ਸ਼ਾਊਲ ਅਤੇ ਯੋਨਾਥਾਨ ਦੀਆਂ ਹੱਡੀਆਂ ''ਯਾਬੇਸ਼ ਦੇ ਬਿਰਛ ਦੇ ਹੇਠ'' ਸਨ, ਜਿੱਥੇ ਗਿਲਆਦੀਆਂ ਨੇ ਉਨ੍ਹਾਂ ਨੂੰ ਦਫਨਾਇਆ ਸੀ (1 ਸਮੂਏਲ 31:13)। [12]ਜ਼ਿਆਦਾਤਰ ਅੰਰਭਿਕ ਰੂੜੀਵਾਦੀ ਲੇਖਕਾਂ ਦਾ ਖ਼ਿਆਲ ਸੀ ਕਿ ਦਾਊਦ ਦਾ ਫ਼ੈਸਲਾ ਸਹੀ ਸੀ। ਉਹ ''ਦੇਸ਼ ਉੱਤੇ ਸਰਾਪ'' ਅਤੇ ''ਖ਼ੂਨ ਦੇ ਬਦਲੇ ਖ਼ੂਨ'' ਦੀ ਗੱਲ ਕਰਦੇ ਹਨ। ਬਾਅਦ ਦੇ ਟੀਕਾਕਾਰ ਐਨੇ ਯਕੀਨ ਨਾਲ ਨਹੀ ਮੰਨਦੇ। [13]ਇਸ ਕਿਤਾਬ ਵਿਚ ਪਲਿਾਂ ਇਨ੍ਹਾਂ ਆਇਤਾਂ ਉੱਤੇ ''ਐ ਖ਼ੁਦਾ, ਸਾਨੂੰ ਲੀਡਰ ਦੇ'' ਪਾਠ ਵਿਚ ਸੰਖੇਪ ਚਰਚਾ ਕੀਤੀ ਗਈ ਹੈ। [14]ਇੱਥੇ ਦਾਊਦ ਦੇ ਆਦਮੀਆਂ ਨੇ ਉਸ ਨੂੰ ਜੰਗ ਵਿਚ ਨਾ ਜਾਣ ਦੀ ਸਲਾਹ ਦਿੱਤੀ ਸੀ। [15]2 ਸਮੂਏਲ 22 ਬੁਨਿਆਦੀ ਤੌਰ ਤੇ ਜ਼ਬੂਰ 18 ਵਾਂਗ ਹੀ ਹੈ। [16]2 ਸਮੂਏਲ 21;22 ਵਿਚ ਦਾਊਦ ਨੇ ਆਪਣੀ ਭਗਤੀਭਰੀ ਜ਼ਿੰਦਗੀ ਤੇ ਜ਼ੋਰ ਦਿੱਤਾ ਹੈ। [17]ਇਸ ਆਇਤ ਦੀ ਸਮੱਗਰੀ ਇਸ ਕਿਤਾਬ ਵਿਚ ਖਾਸ ਕਰ ''ਐ ਖੁਦਾਅ ਸਾਨੂੰ ਲੀਡਰ ਦੇ'' ਪਾਠ ਵਿਚ ਵਰਤੀ ਗਈ ਹੈ। [18]1 ਇਤਿਹਾਸ 11:11 ''ਵਿਚ ਤਿੰਨ ਸੌ'' ਹੈ। [19]ਅਸਾਹੇਲ ਨੂੰ ਅਬਨੇਰ ਨੇ ਕਤਲ ਕੀਤਾ ਸੀ (2 ਸਮੂਏਲ 2)। [20]1 ਇਤਿਹਾਸ ਵਿਚ ਇਹ ਸੂਚੀ ਅਧਿਆਇ 11 ਵਿਚ ਮਿਲਦੀ ਹੈ। ਊਰੀਯਾਹ ਦੇ ਬਾਅਦ ਕਈ ਹੋਰਨਾਂ ਦਾ ਨਾਮ ਹੈ। ਜ਼ਾਹਰ ਤੌਰ ਤੇ ਮਰਨ ਵਾਲੇ ਉਨ੍ਹਾਂ ''ਤੀਹਾਂ'' ਵਾਂਗ ਉਨ੍ਹਾਂ ਦੀ ਥਾਂ ਆਪਣੇ ਆਪ ਨੂੰ ਸਾਬਤ ਕਰਨ ਵਾਲੇ ਯੋਧਿਆਂ ਲੈ ਲਈ ਸੀ। ਇਸ ਤਰ੍ਹਾਂ ''ਦਾਊਦ ਦੀ ਫ਼ੌਜ ਦੇ ਮਸ਼ਹੂਰ ਲੋਕਾਂ'' ਦੀ ਗਿਣਤੀ ਕਈ ਸਾਲ ਤਕ ਵਧਦੀ ਰਹੀ।

[21]ਵਧੇਰੇ ਜਾਣਕਾਰੀ ਲਈ ''ਵੱਡੇ ਬੱਚਿਆਂ ਲਈ ਕਹਾਣੀ'' ਵੇਖੋ। [22]ਯੋਆਬ ਨੂੰ ਗਿਣਤੀ ਕਰਨ ਦਾ ਹੁਕਮ ਦਾਊਦ ਨੇ ਦਿੱਤਾ ਸੀ। [23]1 ਇਤਿਹਾਸ 21:5 ਵਿਚ ਗਿਣਤੀ ਫ਼ਰਕ ਹੈ।ਪਰ 1 ਇਤਿਹਾਸ 21:6 ਅਤੇ 27:23, 24 ਵਿਚ ਟਿੱਪਣੀ ਹੈ ਕਿ ਇਹ ਗਿਣਤੀ ਅਧੂਰੀ ਸੀ। ਸ਼ਾਇਦ ਇਹ ਕਦੇ ਸਾਫ਼ ਨਹੀਂ ਹੋ ਸਕਿਆ ਕਿ ਸਹੀ ਗਿਣਤੀ ਕਿੰਨੀ ਸੀ। [24]ਇਹ ਨਹੀਂ ਦੱਸਿਆ ਗਿਆ ਕਿ ਦਾਊਦ ਇਸ ਨਿਚੋੜ ਤੇ ਕਿਵੇਂ ਪਹੁੰਚਿਆ ਕਿ ਉਸ ਨੇ ਪਾਪ ਕੀਤਾ ਹੈ। ਸ਼ਾਇਦ ਸੱਚਾਈ ਦਾ ਇਨਕਾਰ ਕਰਨ ਤੇ ਯੋਆਬ ਦੀਆਂ ਗੱਲਾਂ ਉਸ ਦੇ ਮਨ ਵਿਚ ਬਾਰ–ਬਾਰ ਆਉਂਦਿਆ ਸਨ। 1 ਇਤਿਹਾਸ 21:7 ਤੋਂ ਸੰਕੇਤ ਮਿਲ ਸਕਦਾ ਹੈ ਕਿ ਕਿਸੇ ਕੁਦਰਤੀ ਆਫ਼ਤ ਨਾਲ ਦਾਊਦ ਨੂੰ ਯਕੀਨ ਹੋ ਗਿਆ ਸੀ ਕਿ ਖ਼ੁਦਾ ਉਸ ਤੋਂ ਨਾਖੁਸ਼ ਹੈ। [25]2 ਸਮੂਏਲ 24:13 ਵਿਚ ''ਸੱਤ ਵਰ੍ਹਿਆਂ ਦਾ ਕਾਲ'' ਹੈ। 1 ਇਤਿਹਾਸ ਦੇ ਸਤਪਤੀ ਅਨੁਵਾਦ ਵਿਚ ''ਤਿੰਨ ਸਾਲ'' ਹੈ, ਜੋ ਬਹੁਤਾ ਤਰਕਸੰਗਤ ਲਗਦਾ ਹੈ: ਤਿੰਨ ਸਾਲ, ਤਿੰਨ ਮਹੀਨੇ ਜਾਂ ਤਿੰਨ ਦਿਨ (RSV, NIV ਅਤੇ ਹੋਰ ਅਨੁਵਾਦਾਂ ਵਿਚ 2 ਸਮੂਏਲ 24:13 ਵੇਖੋ)। [26]1 ਇਤਿਹਾਸ 21:18ਤੋਂ ਵਿਚ ਅਰਵਨਾਹ ਨੂੰ ਆਰਨਾਨ ਕਿਹਾ ਗਿਆ ਹੈ। ਬਾਈਬਲ ਦੇ ਸਮਿਆਂ ਵਿਚ ਕਈਆਂ ਦੇ ਇਕ ਤੋਂ ਵੱਧ ਨਾਂਅ ਹੁੰਦੇ ਸਨ। [27]1 ਇਤਿਹਾਸ 21:28–30 ਇਕ ਕਾਰਣ ਦਿੰਦਾ ਹੈ ਕਿ ਸ਼ਹਿਰ ਦੇ ਨੇੜੇ ਇਕ ਥਾਂ ਖੁਦਾ ਵੱਲੋਂ ਦੱਸੀ ਗਈ ਸੀ: ਸਮਾਂ ਘੱਟ ਸੀ ਅਤੇ ਦਾਊਦ ਕੋਲ ਗਿਬਓਨ ਵਿਚ ਜਾਣ ਦਾ ਵਕਤ ਨਹੀਂ ਸੀ, ਜਿੱਥੇ ਹੋਮ ਬਲੀ ਦੀ ਵੇਦੀ ਸੀ। ਪਰ ਦਾਊਦ ਨੇ ਗੂੜ੍ਹ ਮਹੱਤਵ ਵੇਖਿਆ ਅਤੇ ਹੈਕਲ ਦੀ ਥਾਂ ਲਈ ਉਸ ਥਾਂ ਨੂੰ ਚੁਣ ਲਿਆ (1 ਇਤਿਹਾਸ 22:1; 2 ਇਤਿਹਾਸ 3:1)। [28]2 ਸਮੂਏਲ 24:24 ਆਖਦਾ ਹੈ, ''ਦਾਊਦ ਨੇ ਉਹ ਪਿੜ ਅਰ ਬਲਦ ਪੰਜਾਹ ਸ਼ਕੇਲ ਚਾਂਦੀ ਦੇ ਕੇ ਮੁੱਲ ਲਿਆ।'' 1 ਇਤਿਹਾਸ 21:25 ਆਖਦਾ ਹੈ, ''ਦਾਊਦ ਨੇ ਆਰਨਾਨ ਓਸੇ ਥਾਂ ਲਈ 600 ਸ਼ਕੇਲ ਸੋਨਾ ਤੋਲ ਕੇ ਦਿੱਤਾ।'' ਦੋ ਸੌਦੇ ਕੀਤੇ ਗਏ ਹੋਣਗੇ। ਪਹਿਲਾ ਸੌਦਾ ਸਿਰਫ਼ ਪਿੜ ਲਈ ਅਤੇ ਦੂਜਾ ਸੌਦਾ ਪੂਰੀ ਥਾਂ ਦਾ ਜਿੱਥੇ ਹੈਕਲ ਬਣਾਈ ਜਾਣੀ ਸੀ। [29]1 ਇਤਿਹਾਸ 21:26 ਆਖਦਾ ਹੈ, ''ਯਹੋਵਾਹ ... ਅਕਾਸ਼ ਅੱਗ ਘੱਲ ਕੇ ਉਸ ਨੂੰ ਉੱਤਰ ਦਿੱਤਾ।'' ਇਹ ਮੰਨ ਲਿਆ ਜਾਂਦਾ ਹੈ ਕਿ ਕਰਮੇਲ ਪਹਾੜ ਤੇ ਵੀ ਅਕਾਸ਼ ਤੋਂ ਅਜਿਹੀ ਹੀ ਅੱਗ ਉਤਰੀ ਸੀ (1 ਰਾਜਿਆਂ

18:38)। [30]ਦੋ ਹੋਰ ਸੰਭਾਵਨਾਵਾਂ ਹਨ: ਹੋ ਸਕਦਾ ਹੈ ਦਾਊਦ ਆਂਕੜਿਆਂ ਦੀ ਵਰਤੋਂ ਆਸਪਾਸ ਦੇ ਦੇਸ਼ਾਂ ਤੇ ਦਬਾਅ ਵਧਾਉਣ ਲਈ ਕਰਨਾ ਚਾਹੁੰਦਾ ਹੋਵੇ, ਜਾਂ ਉਹ ਪਤਾ ਲਗਾਉਣਾ ਚਾਹੁੰਦਾ ਹੋਵੇ ਕਿ ਜੇ ਇਸਰਾਏਲ ਨਾਲ ਸ਼ਕਤੀ ਪ੍ਰਦਰਸ਼ਨ ਲਈ ਲੜਾਈ ਕਰਨ ਦੀ ਲੋੜ ਪੈ ਜਾਵੇ ਤਾ ਯਹੂਦਾ ਵਿੱਚੋਂ ਲੋੜੀਂਦੇ ਯੋਧੇ ਮਿਲ ਸਕਣ।

[31]ਹੈਕਲ ਲਈ ਦਾਊਦ ਦੀ ਤਿਆਰੀ ਤੇ ''ਪਵਿੱਤਰ ਭੂਮੀ ਤੇ ਖੜੇ ਹੋਣਾ'' ਪਾਠ ਵਿਚ ਚਰਚਾ ਕੀਤੀ ਗਈ ਸੀ। ਦਾਊਦ ਦੇ ਰਾਜ ਨੂੰ ਸੰਗਠਿਤ ਕਰਨ ਤੇ ''ਐ ਖੁਦਾ, ਸਾਨੂੰ ਲੀਡਰ ਦੇ'' ਅਧਿਆਇ ਵਿਚ ਕੀਤੀ ਗਈ ਸੀ। [32]1 ਇਤਿਹਾਸ 23:1. ਸਾਨੂੰ 1 ਰਾਜਿਆਂ 1; 2 ਇਤਿਹਾਸ 23–29 ਦੇ ਸਹੀ ਕਾਲਕ੍ਰਮ ਅਤੇ ਮਹੱਤਵ ਦਾ ਪਤਾ ਨਹੀਂ ਹੈ। ਇਸੇ ਪਾਠ ਦੀ ਮੁੜ ਉਸਾਰੀ ਇਕ ਸੰਭਾਵਨਾ ਹੀ ਸੀ। [33]ਪ੍ਰਭੂ ਨੇ ਚਾਹਿਆ ਤਾਂ ਇਨ੍ਹਾਂ ਆਇਤਾਂ ਦਾ ਸੁਲੇਮਾਨ ਅਤੇ 1 ਅਤੇ 2 ਇਤਿਹਾਸ ਦੀਆਂ ਭਾਵੀ ਕਿਤਾਬਾਂ ਵਿਚ ਜਾ ਡੂੰਘਿਆਈ ਵਿਚ ਚਰਚਾ ਕੀਤੀ ਜਾਵੇਗੀ। [34]ਸ਼ੂਨੇਮ ਅਤੇ ਯਿੱਸਾਕਾਰ ਦੇ ਕਬਾਇਲੀ ਇਲਾਕੇ ਵਿਚ ਯਿਜ਼ਰਏਲ ਦੇ ਮੈਦਾਨ ਦੇ ਨੇੜੇ ਸੀ। [35]ਜੋਸੇਫ਼ਸ ਕਹਿੰਦਾ ਹੈ ਕਿ ਇਸ ਪ੍ਰਬੰਧ ਦਾ ਮਕਸਦ ਜਿਸਮ ਨੂੰ ਗਰਮਾਇਸ਼ ਦੇਣਾ ਸੀ (ਵੇਖੋ ਉਪਦੇਸ਼ਕ 4:11)। ਪਰ ਦਾਊਦ ਦੀਆਂ ਹੋਰ ਵੀ ਪਤਨੀਆਂ ਅਤੇ ਰਖੇਲਾਂ ਸਨ ਜਿਹੜੀਆਂ ਬਿਸਤਰ ਗਰਮ ਕਰਨ ਦਾ ਕੰਮ ਕਰ ਸਕਦੀਆਂ ਸਨ। ਬਾਦਸ਼ਾਹ ਲਈ ਸਭ ਤੋਂ ਸੋਹਣੀ ਕੁੜੀ ਲੱਭਣ ਤੇ ਜੋਰ ਦੇਣ ਦੇ ਕਾਰਣ ਕੁਝ ਲੋਕ ਇਹ ਸੋਚਦੇ ਹਨ ਕਿ ਬਾਦਸ਼ਾਹ ਦੇ ਰੂਪ ਵਿਚ ਕੰਮ ਕਰਨ ਲਈ ਇਕ ਤਾਕਤ ਵੇਖਣ ਦਾ ਤਰੀਕਾ ਸੀ; ਆਦਮੀ ਦੀ ਮਰਦਾਨੀ ਉਸ ਦੀ ਤਾਕਤ ਦੇ ਰੂਪ ਵਿਚ ਮੰਨੀ ਜਾਂਦੀ ਸੀ। ਇਨ੍ਹਾਂ ਦਾ ਮੰਨਣਾ ਹੈ ਕਿ ਅਬੀਸ਼ਗ ਨੂੰ ਇਹ ਪਤਾ ਲਾਉਣ ਲਈ ਚੁਣਿਆ ਗਿਆ ਸੀ ਕਿ ਉਸ ਦੀ ਖੂਬਸੂਰਤੀ ਬਾਦਸ਼ਾਹ ਨੂੰ ਉਕਸਾਉਂਦੀ ਵੀ ਹੈ ਜਾਂ ਨਹੀਂ। ਪਰ ਸਿਰਫ ਅੰਦਾਜ਼ਾ ਹੈ ਕਿ ਦਾਊਦ ਦਾ ਅਬੀਸ਼ਗ ਨਾ ਸਹਿਵਾਸ ਕਰ ਨਹੀਂ ਸਕਿਆ ਜਾਂ ਉਸ ਨੇ ਕਰਨਾ ਨਹੀਂ ਚਾਹਿਆ। [36]ਇਹ ਕਦੀ ਨਹੀਂ ਕਿਹਾ ਗਿਆ ਸੀ ਕਿ ਅਬੀਸ਼ਗ ਦਾਊਦ ਦੀ ਪਤਨੀ ਸੀ, ਜਿਸਕਰਕੇ ਕੁਝ ਲੋਕ ਉਸ ਨਾਲ ਉਸ ਦੇ ਵਿਆਹ ਦੀ ਗੱਲ ਤੋਂ ਇਨਕਾਰ ਕਰਦੇ ਹਨ। ਮੇਰਾ ਮੰਨਣਾ ਹੈ ਕਿ ਘੱਟੋ ਘੱਟ ਉਸ ਦੀ ਰਖੇਲ ਜ਼ਰੂਰ ਸੀ। ਨੈਤਿਕ ਤੌਰ ਤੇ ਮੈਂ ਇਹ ਮੰਨਦਾ ਹਾਂ ਕਿਉਂਕਿ ਇਸ ਦੇ ਬਿਨਾ ਮੈਨੂੰ ਨਹੀਂ ਲਗਦਾ ਕਿ ਦਾਊਦ ਨੇ ਇਸ ਪ੍ਰਬੰਧ ਨੂੰ ਕਬੂਲ ਕੀਤਾ ਹੋਵੇਗਾ (ਉਸ ਦੇ ਮਨ ਵਿਚ ਅਜੇ ਵੀ ਸਾਫ਼ ਸੀ, ਜਿਵੇਂ ਕਿ ਅਗਲੀਆਂ ਘਟਨਾਵਾਂ ਤੋਂ ਪਤਾ ਲਗਦਾ ਹੈ)। ਲਿਖਤ ਦੇ ਹਿਸਾਬ ਨਾਲ ਮੈਂ ਇਸ ਨੂੰ ਇਸ ਲਈ ਮੰਨਦਾ ਹਾਂ ਕਿਉਂਕਿ ਜੇਕਰ ਅਬੀਸ਼ਗ ਦਾਊਦ ਦੇ ਹਰਮ ਦਾ ਹਿੱਸਾ ਨਾ ਹੁੰਦੀ ਤਾਂ ਅਬੀਸ਼ਗ ਲਈ ਅਦੋਨੀਯਾਹ ਦੀ ਬੇਨਤੀ ਨਾਲ ਸੁਲੇਮਾਨ ਐਨਾ ਪਰੇਸ਼ਾਨ ਨਾ ਹੁੰਦਾ (1 ਰਾਜਿਆਂ 2:22)। [37]ਇਹ ਤੱਥ ਕਿ ਅਦੋਨੀਯਾਹ ਨੇ ਆਪਣੇ ਭਰਾ ਸੁਲੇਮਾਨ ਨੂੰ ਛੱਡ ਹੋਰ ਸਭ ਨੂੰ ਬੁਲਾਇਆ ਸੀ (1 ਰਾਜਿਆਂ 1:9, 10, 19), ਸੰਕੇਤ ਦਿੰਦਾ ਹੈ ਕਿ ਉਸ ਨੂੰ ਪਤਾ ਸੀ ਕਿ ਅਗਲੇ ਬਾਦਸ਼ਾਹ ਦੇ ਰੂਪ ਵਿਚ ਸੁਲੇਮਾਨ ਨੂੰ ਮਸਹ ਕੀਤਾ ਜਾ ਚੁੱਕਾ ਹੈ। [38]ਅਦੋਨੀਯਾਹ ਚੌਥਾ ਸਭ ਤੋਂ ਵੱਡਾ ਬੇਟਾ ਸੀ (2 ਸਮੂਏਲ 3:4)। ਅਸੀਂ ਪਲੋਠੇ ਅਤੇ ਤੀਜੇ ਬੇਟਿਆਂ, ਅਮਨੋਨ ਅਤੇ ਅਬਸ਼ਾਲੋਮ ਦੀ ਮੌਤ ਵੇਖ ਚੁਕੇ ਹਾਂ। ਆਮ ਮੰਨਿਆ ਜਾਂਦਾ ਹੈ ਕਿ ਦੂਜਾ ਸਭ ਤੋਂ ਵੱਡਾ, ਕਿਲਆਬ/ਦਾਨੀਏਲ ਛੋਟੀ ਉਮਰ ਵਿਚ ਹੀ ਮਰ ਗਿਆ ਸੀ। [39]1 ਰਾਜਿਆਂ 1:6 ਵਿਚ ਸਾਨੂੰ ਪਤਾ ਲਗਦਾ ਹੈ ਕਿ ਅਦੋਨੀਯਾਹ ਨੂੰ ਲਗਦਾ ਸੀ ਕਿ ਅਗਲਾ ਸਭ ਤੋਂ ਵੱਡਾ ਜ਼ਿੰਦਾ ਬੇਟਾ ਹੋਣ ਕਰਕੇ ਬਾਦਸ਼ਾਹ ਓਸੇ ਨੂੰ ਹੀ ਬਣਨਾ ਚਾਹੀਦਾ ਸੀ, ਕਿ ਉਸ ਨੂੰ ਲਗਦਾ ਸੀ ਕਿ ਉਹ ਬਾਦਸ਼ਾਹ ਬਣ ਸਕਦਾ ਹੈ, ਕਿਉਂਕਿ ਉਹ ਬਾਦਸ਼ਾਹ ਹੀ ਲਗਦਾ ਸੀ (ਉਹ ਬਹੁਤ ਸੋਹਣਾ ਸੀ) ਅਤੇ ਇਹ ਕਿ ਉਸ ਨੂੰ ਲਗਦਾ ਸੀ ਕਿ ਬਾਦਸ਼ਾਹ ਉਹੀ ਹੋਵੇਗਾ ਕਿਉਂਕਿ ਉਸ ਦੇ ਮੁਰਾਦ ਹਮੇਸ਼ੀ ਪੂਰੀ ਹੋ ਜਾਂਦੀ ਸੀ (''ਉਸ ਦੇ ਪਿਤਾ ਨੇ ਉਸ ਨੂੰ ਕਦੀ ਟੋਕਿਆਂ ਨਹੀ ਸੀ''')। [40]ਅਸੀਂ ਸਿਰਫ਼ ਕਿਆਫ਼ਾ ਹੀ ਲਾ ਸਕਦੇ ਹਾਂ ਇਨ੍ਹਾਂ ਨੇ ਅਦੋਨੀਯਾਹ ਦੇ ਨਾਲ ਮਿਲ ਕੇ ਸਾਜ਼ਿਸ਼ ਕਿਉਂ ਕੀਤੀ। ਜ਼ਾਹਿਰ ਹੈ ਕਿ ਉਨ੍ਹਾਂ ਸੋਚਿਆ ਹੋਵੇਗਾ ਕਿ ਉਹ ਅਦੋਨੀਯਾਹ ਨੂੰ ਬਾਦਸ਼ਾਹ ਬਣਾ ਕੇ ਐਸ਼ ਕਰਨਗੇ। ਸ਼ਾਇਦ ਯੋਆਬ ਬਨਾਯਾਹ ਵੱਲੋਂ ਉਸਦਾ ਅਹੁਦਾ ਲੈ ਲੈਣ ਤੋਂ ਡਰਦਾ ਸੀ (1 ਰਾਜਿਆਂ 2:3)। ਸਾਇਦ ਅਬਯਾਥਾਰ ਸਾਦੋਕ ਤੋਂ ਈਰਖਾ ਕਰਦਾ ਸੀ।

[41]''ਏਨ–ਰੋਗੇਲ'' ਦਾ ਮਤਲਬ ਹੈ ''ਰੋਗੇਲ ਦਾ ਚਸ਼ਮਾ।'' [42]ਅਦੋਨੀਯਾਹ ਨੇ ਅਬਸ਼ਾਲੋਮ ਦਾ ਲਿਖਿਆ ਹੀ ਪੜ੍ਹਿਆ ਸੀ। ਜਿਨ੍ਹਾਂ ਲੋਕਾਂ ਨੂੰ ਸੱਦਾ ਲਈਂ ਭੇਜਿਆ ਗਿਆ ਸੀ ਉਨ੍ਹਾਂ ਦੇ ਨਾਮ 1 ਰਾਜਿਆਂ 1:8, 10

ਵਿਚ ਹਨ। ਅਸੀਂ ਨਹੀਂ ਜਾਣਦੇ ਕਿ ''ਸ਼ਿਮਈ'' ਅਤੇ ''ਰੇਈ'' ਕੌਣ ਸਨ ( ਇਹ ਉਹ ਸ਼ਿਮਈ ਨਹੀਂ ਸੀ ਜਿਸਨੇ ਬਾਦਸ਼ਾਹ ਨੂੰ ਸਰਾਪ ਦਿੱਤਾ ਸੀ)। [43]ਸਾਡੇ ਕੋਲ ਇਹ ਯਕੀਨ ਕਰਨ ਦਾ ਕਾਰਣ ਨਹੀਂ ਹੈ ਕਿ ਨਾਥਾਨ ਅਤੇ ਬਥਸ਼ਬਾ ਨੇ ਦਾਊਦ ਦੀ ਸਹੁੰ ਖੁਆਈ (1 ਰਾਜਿਆਂ 1:13, 17) ਜਦਕਿ ਇਸ ਦਾ ਪਹਿਲਾ ਜ਼ਿਕਰ ਨਹੀ ਸੀਂ। ਦਾਊਦ ਅਕਸਰ ਸੰਕੇਤ ਦਿੰਦਾ ਸੀ ਕਿ ਉਸ ਦੇ ਬਾਅਦ ਸੁਲੇਮਾਨ ਬਾਦਸ਼ਾਹ ਹੋਵੇਗਾ; ਅਤੇ ਦਾਊਦ ਜਿਸ ਦੇ ਮਨ ਵਿਚ ਇਹ ਸਾਫ਼ ਸੀ ਭਾਵੇਂ ਉਸ ਦਾ ਜਿਸਮ ਜਵਾਬ ਦੇ ਚੁੱਕਾ ਸੀ, ਨੇ ਮੰਨਿਆ ਕਿ ਉਸ ਨੇ ਅਜਿਹੀ ਸਹੁੰ ਖਾਧੀ ਸੀ (1 ਰਾਜਿਆਂ 1:30) [44]ਤਿੰਨਾਂ ਸਾਜ਼ਿਸ਼ ਰਚਣ ਵਾਲਿਆਂ ਦਾ ਅੰਤ 1 ਰਾਜਿਆਂ 2 ਵਿਚ ਮਿਲਦਾ ਹੈ। [45]ਸੁਲੇਮਾਨ ਨੇ ਦਾਊਦ ਦੇ ਆਖ਼ਰੀ ਦਿਨਾਂ ਵਿਚ ਸਹਾਇਕ ਰੀਜੇਂਟ ਦੇ ਰੂਪ ਵਿਚ ਕੰਮ ਕੀਤਾ ਸੀ (1 ਰਾਜਿਆਂ 1:46, 48)। [46]ਲੋਕਾਂ ਨੂੰ ਆਖਰੀ ਦਰਸ਼ਣ ਦੇ ਇਸ ਵੇਰਵੇ ਲਈ 1 ਇਤਿਹਾਸ 28; 29 ਵੀ ਵੇਖੋ। [47]ਸਾਡੇ ਨਜ਼ਰੀਏ ਨਾਲ ਬਦਲਾ ਲੈਣ ਦੀ ਦਾਊਦ ਦੀ ਸਾਫ਼ ਇੱਛਾ ਦੇ ਕਾਰਣ ਉਹ ਸੁਲੇਮਾਨ ਨੂੰ ਆਖ਼ਰੀ ਸਬਕ ਨਾ ਦੇ ਸਕਿਆ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਬੜੇ ਸਖ਼ਤ ਅਤੇ ਕਠੋਰ ਦਿਨ ਸਨ। ਮੈਂ ਦਾਊਦ ਦੀ ਥਾਂ ਆਪਣੇ ਆਪ ਨੂੰ ਰੱਖਣ ਦੀ ਕੋਸ਼ਿਸ ਕੀਤੀ। ਮੇਰੇ ਸ਼ਬਦ ਦਾਊਦ ਦੇ ਸ਼ਬਦਾ ਵਰਗੇ ਨਹੀਂ ਹੋ ਸਕਦੇ, ਪਰ ਮੇਰੇ ਵਿਚਾਰ ਵਿਚ ਮੈਂ ਆਪਣੇ ਬੇਟੇ ਨੂੰ ਸ਼ਰਾਰਤੀ ਲੋਕਾਂ ਤੋਂ ਖ਼ਬਰਦਾਰ ਰਹਿਣ ਲਈ ਆਖਾਂਗਾ। [48]ਕਈ ਵਰ ਦਾਊਦ ਨੇ ਸੁਲੇਮਾਨ ਨੂੰ ਖ਼ੁਦਾ ਦਾ ਵਫ਼ਾਦਾਰ ਰਹਿਣ ਦੀ ਹਦਾਇਤ ਕਰਦਿਆਂ, ਖ਼ਾਸ ਹੁਕਮ ਦਿੱਤੇ ਜਿਹੜੇ (ਜਿੱਥੋਂ ਤਕ ਲਿਖ ਦੱਸਦੀ ਹੈ) ਉਸ ਨੇ ਆਪਣੇ ਦੂਜੇ ਪੁੱਤਰਾਂ ਵਿੱਚੋਂ ਕਿਸੇ ਨੂੰ ਵੀ ਨਹੀਂ ਦਿੱਤੇ ਸਨ। ਦਾਊਦ ਇਕ ਆਦਰਸ਼ ਪਿਤਾ ਨਹੀਂ ਸੀ, ਪਰ ਘੱਟੋ–ਘੱਟ ਉਸਨੇ ਆਪਣੇ ਇਕ ਪੁੱਤਰ ਨਾਲ ਤਾਂ ਆਦਰਸ ਬਣਨ ਦੀ ਕੋਸ਼ਿਸ ਕੀਤੀ। ਚੰਗੇ ਪਿਤਾ ਬਣਨ ਦੀ ਕੋਸ਼ਿਸ਼ ਕਦੇ ਵੀ ਕੀਤੀ ਜਾ ਸਕਦੀ ਹੈ। [49]2 ਸਮੂਏਲ 23:1–7 ਦੇ ਸ਼ਬਦ ''ਦਾਊਦ ਦੇ ਆਖਰੀ ਵਚਨ'' ਮੰਨੇ ਗਏ ਹਨ। [50]ਸ਼ਿਮਈ ਬਾਰੇ ਦਾਊਦ ਦਾ ਹੁਕਮ ਇਸ ਆਇਤ ਵਿਚ ਸਮਝਣ ਵਾਲੀ ਸਭ ਤੋਂ ਔਖੀ ਗੱਲ ਹੈ, ਦਾਊਦ ਨੇ ਸਹੁੰ ਖਾਧੀ ਸੀ ਕਿ ਸ਼ਿਮਈ ਜਿੰਦਾ ਰਹੇਗਾ (2 ਸਮੂਏਲ 19:23)। ਮੁੱਢਲੇ ਰੂੜੀਵਾਦੀ ਟੀਕਿਆਂ ਵਿਚ ਖ਼ੁਦਾ ਦੇ ਮਸਹ ਕੀਤੇ ਹੋਏ ਦੀ ਬੁਰਿਆਈ ਕਰਨ ਦੇ ਨਤੀਜਿਆਂ ਵੱਲ ਧਿਆਨ ਦੁਆਉਂਦਿਆਂ ਦਾਊਦ ਦਾ ਪੱਖ ਲਿਆ ਜਾਂਦਾ ਸੀ। ਆਧੁਨਿਕ ਵਿਦਵਾਨ ਇਸ ਗੱਲ ਤੇ ਇਕ ਮੱਤ ਨਹੀਂ ਹਨ ਕਿ ਦਾਊਦ ਨੇ ਜੋ ਸੁਲੇਮਾਨ ਨੂੰ ਕਿਹਾ ਉਹ ਸਹੀ ਸੀ ਜਾਂ ਨਹੀਂ। ਕੁਝ ਲੋਕ ਇਹ ਧਿਆਨ ਦਿੰਦੇ ਹਨ ਕਿ ਸ਼ਿਮਈ ਇਕ ਪ੍ਰਭਾਵਸ਼ਾਲੀ ਆਦਮੀ ਸੀ (ਜਿਵੇਂ ਕਿ ਇਸ ਤੱਥ ਤੋਂ ਸਾਬਿਤ ਹੁੰਦਾ ਹੈ ਕਿ ਉਹ ਦਾਊਦ ਦੇ ਪਰਤਣ ਤੇ ਆਪਣੇ ਨਾਲ ਇਕ ਹਜ਼ਾਰ ਹੋਰ ਬਿਨਯਾਮੀਨੀਆਂ ਨੂੰ ਲਿਆਇਆ ਸੀ) ਅਤੇ ਸੁਲੇਮਾਨ ਲਈ ਲਗਾਤਾਰ ਖ਼ਤਰਾ ਸੀ। ਦੂਜੇ ਲੋਕ ਇਸ ਨੂੰ ਦਾਊਦ ਇਨਸਾਨੀਅਤ ਦੇ ਇਕ ਹੋਰ ਨਮੂਨੇ ਦੇ ਰੂਪ ਵਿਚ ਲੈਂਦੇ ਹਨ ਜੋ ਕਿ ਮਰਨ ਤੋਂ ਪਹਿਲਾਂ ਉਸ ਦੀ ਆਖ਼ਰੀ ਗਲਤੀ ਹੈ। ਮਾਫ਼ੀ ਤੇ ਅੰਤਮ ਵਚਨ ਦਾਊਦ ਨਹੀਂ, ਯਿਸੂ ਹੈ।

[51]ਯਿਰਮਿਯਾਹ 31:34; ਇਬਰਾਨੀਆਂ 8:12. ਖ਼ੁਦਾ ਇਸ ਅਰਥ ਵਿਚ ਪਾਪਾਂ ਨੂੰ ''ਭੁੱਲਦਾ ਹੈ'' ਕਿ ਜਦ ਅਸੀਂ ਉਨ੍ਹਾਂ ਤੋਂ ਤੌਬਾ ਕਰਦੇ ਹਾਂ ਤਾਂ ਉਹ ਦੁਬਾਰਾ ਕਦੀ ਉਨ੍ਹਾਂ ਨੂੰ ਸਾਡੇ ਖ਼ਿਲਾਫ਼ ਨਹੀਂ ਲਿਆਉਂਦਾ ਹੈ। ਉਹ ਇਵੇਂ ਹੋ ਜਾਂਦੇ ਹਨ ਜਿਵੇਂ ਹੋਏ ਹੀ ਨਾ ਹੋਣ। ਯਕੀਨਨ ਹੀ ਸੁਰਗ ਦਾ ਖ਼ੁਦਾ ਹੋਣ ਕਰਕੇ ਉਸ ਨੂੰ ਸਭ ਕੁਝ ਯਾਦ ਰਹਿੰਦਾ ਹੈ। [52]ਵੇਖੋ 1 ਰਾਜਿਆਂ 9:6–9 ਜੋ 1 ਰਾਜਿਆਂ 9:4, 5 ਵਿਚਲੀ ਦਾਊਦ ਲਈ ਖ਼ੁਦਾ ਦੀ ਗੱਲ ਦੇ ਬਾਅਦ ਆਉਂਦਾ ਹੈ।